੧੪.

ੴ

ਸ੍ਰੀ ਸਤਿਗੁਰੂ ਰਾਮਸਿੰਘ ਜੀ
ਸਹਾਇ

# ਬਖਸ਼ ਲੈਣੀ
ਵਾਸਤੇ
# ਅਰਜ਼

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ।
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ।

ਬਖਸ਼ਨ ਹਾਰ ਸਤਿਗੁਰੂ



ਭੁਲਣ ਹਾਰ ਜੀਵ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਅੰਗਰੇਜ਼ੀ ਦੀ ਇਕ ਕਹਾਵਤ ਹੈ "To err is human" ਭਾਵ ਮਨੁਖ ਗਲਤੀ ਦਾ ਪੁਤਲਾ ਹੈ। ਸਤਿਗੁਰੂ ਜੀ ਵੀ ਲਿਖਦੇ ਹਨ :-

## ਭੁਲਣ ਅੰਦਰਿ ਸਭੁ ਕੋ

ਅਥਵਾ

## ਭੁਲਣ ਵਿਚਿ ਕੀਆ ਸਭੁ ਕੋਈ

ਸਾਰੇ ਜੀਵਾਂ ਦੀ ਨੁਮਾਇੰਦਗੀ ਕਰਦੇ ਹੋਇ ਸ੍ਰੀ ਸਤਿਗੁਰੂ ਜੀ ਲਿਖਦੇ ਹਨ

## ਹਮਰੇ ਸਹਾਉ ਸਦਾ ਸਦ ਭੂਲਨ

ਫਿਰ ਗਲਤੀਆਂ ਥੋੜੀਆਂ ਹੀ ਨਹੀ ਸਗੋਂ

## ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥

ਭਾਈ ਗੁਰਦਾਸ ਜੀ ਲਿਖਦੇ ਹਨ

ਹਉ ਅਪਰਾਧੀ ਗੁਨਹਗਾਰੁ, ਹਉ ਬੇਮੁਖ ਮੰਦਾ ।
ਚੋਰੁ, ਯਾਰੁ, ਜੂਆਰਿ, ਹਉ ਪਰ ਘਰਿ ਜੋਹੰਦਾ ।
ਨਿੰਦਕੁ, ਦੁਸਟੁ, ਹਰਾਮਖੋਰੁ, ਠਗੁ ਦੇਸ ਠਗੰਦਾ ।
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ ।
ਬਿਸਾਸ ਘਾਤੀ ਅਕਿਰਤਘਣ ਮੋ ਕੋ ਨ ਰਖੰਦਾ ।

ਲਿਖਣ ਦਾ ਭਾਵ ਹੈ ਕਿ ਸਾਡੇ ਕੋਲੋਂ ਗਲਤੀਆਂ ਹੁੰਦੀਆਂ ਹੀ ਰਹਿੰਦੀਆਂ ਹਨ ਗਲਤੀਆਂ ਵੀ ਕਈ ਪਰਕਾਰ ਦੀਆਂ ਹੁੰਦੀਆ ਹਨ

ਕਈ ਗਲਤੀਆਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਅਸਰ ਸਾਡੇ ਮਨ ਤੇ ਹੁੰਦਾ ਹੈ ਜਿਵੇਂ ਕਿ ਕਿਸੇ ਦੇ ਧਨ ਨੂੰ ਵੇਖਕੇ ਸੜਨ, ਕਿਸੇ ਦੇ ਪੁੱਤ੍ਰ ਨੂੰ ਵੇਖਕੇ ਸੜਨ, ਕਿਸੇ ਜਨਾਨੀ ਨੂੰ ਬੁਰੀ ਨਿਗਾਹ ਨਾਲ ਵੇਖਣਾ, ਕਿਸੇ ਦੀ ਵਡਿਆਈ ਵੇਖਕੇ ਜਰ ਨ ਸਕਣਾ ਇਤਿਆਦਿ

ਕਈ ਗਲਤੀਆਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਸੰਬੰਧ ਕਿਸੇ ਦੂਸਰੇ ਮਨੁਖ ਨਾਲ ਹੁੰਦਾ ਹੈ ਜਿਵੇਂ ਕਿਸੇ ਦੀ ਚੋਰੀ ਕਰਨੀ ਕਿਸੇ ਦੀ ਨਿੰਦਾ ਕਰਨੀ ਕਿਸੇ ਨੂੰ ਬੁਰਾ ਭਲਾ ਕਹਿਣਾ, ਕਿਸੇ ਨੂੰ ਮਾਰਨਾ ਇਤਿਆਦਿ

ਕਈ ਗਲਤੀਆਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਸੰਬੰਧ ਸਾਡੇ ਭਾਈਚਾਰੇ ਅਥਵਾ ਸਾਡੇ ਸਮਾਜ ਨਾਲ ਹੁੰਦਾ ਹੈ ਜਿਵੇਂ ਕਿ ਸਮਾਜ ਵਿਚ ਪ੍ਰਚਲਤ ਨਿਯਮਾਂ ਦੀ ਉਲੰਘਣਾ ਕਰਨੀ

Sri Satguru Jagjit Singh Ji Elibrary NamdhariElibrary@gmail.com

ਕਈ ਗਲਤੀਆਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਸੰਬੰਧ ਸਾਰੇ ਦੇਸ਼ ਨਾਲ ਹੁੰਦਾ ਹੈ ਜਿਵੇਂ ਦੇਸ਼ ਵਿਚ ਗੜ ਬੜ ਮਚਾਉਣ ਵਾਸਤੇ ਕੋਈ ਸ਼ਰਾਰਤ ਕਰ ਦੇਣੀ ਜਾਂ ਹਕੂਮਤ ਦੇ ਖਿਲਾਫ਼ ਬਗਾਵਤ ਕਰ ਦੇਣੀ ਇਤਿਆਦਿ ਇਕ ਗਲਤੀ ਜਿਹੜੀ ਕਿ ਗੁਰਮਤ ਵਿਚ ਸਭ ਤੋਂ ਵਡੀ ਹੈ ਉਹ ਹੈ ਗੁਰੂ ਪਰਮਾਤਮਾ ਵਲੋਂ ਮੁਨਕਰ ਹੋਣਾ ਜਾਂ ਗੁਰੂ ਵਲੋਂ ਬੇਮੁਖ ਹੋਣਾ ਭਾਈ ਗੁਰਦਾਸ ਜੀ ਲਿਖਦੇ ਹਨ

ਸੀਹ ਮੁਹਿਹਾਂ ਜਾਣਾ ਭਲਾ, ਨਾ ਤਿਸ ਬੇਮੁਖ ਮੁਹਿਹਾਂ ਜਾਏ

ਭਾਵ ਹੈ ਕਿ ਜੇ ਇਕ ਪਾਸੇ ਸ਼ੇਰ ਹੋਵੇ ਅਤੇ ਇਕ ਪਾਸੇ ਬੇਮੁਖ ਹੋਵੇ ਸ਼ੇਰ ਵਾਲੇ ਪਾਸੇ ਜਾਣਾ ਚੰਗਾ ਹੈ ਪਰ ਬੇਮੁਖ ਵਾਲੇ ਪਾਸੇ ਨ ਜਾਓ ਕਿਉਂਜੋ

ਬੇਮੁਖ ਮਨਹੁ ਘੁਖਿਆ ਦੁਖ ਸਹੈ ਜਮਾਣੈ

ਇਕ ਥਾਂ ਤੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਵੀ ਲਿਖਦੇ ਹਨ

ਬਾਮ੍ਹਣ, ਗਾਈਂ, ਵੰਸਘਾਤ ਅਪਰਾਧ ਕਰਾਰੇ।
ਮਦੁ ਪੀ ਜੂਏ ਖੇਲਦੇ, ਜੋਹਨਿ ਪਰ ਨਾਰੇ।
ਮੁਹਨਿ ਪਰਾਈ ਲਛਮੀ, ਠਗ, ਚੋਰ, ਚਗਾਰੇ।
ਵਿਸਾਸ ਧ੍ਰੋਹੀ, ਅਕਿਰਤਘਣ, ਪਾਪੀ ਹਤਿਆਰੇ
ਲਖ ਕਰੋੜੀ ਜੋੜੀਅਨਿ, ਅਣਗਿਣਤ ਅਪਾਰੇ
ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ

ਭਾਵ ਇਹ ਹੈ ਕਿ ਸੰਸਾਰ ਵਿਚ ਬ੍ਰਾਹਮਣ ਮਾਰਨਾ ਗਊ ਮਾਰਨੀ, ਅਪਣੀ ਕੁਲ ਦਾ ਘਾਤ ਕਰਨਾ, ਸ਼ਰਾਬ ਪੀਣੀ ਜੂਆ ਖੇਡਣਾ, ਪਰਾਈ ਇਸਤਰੀ ਦਾ ਸੰਗ ਕਰਨਾ, ਪਰਾਇਆ ਧਨ ਠੱਗ ਲੈਣਾ, ਚੋਰੀ ਕਰਨੀ, ਠੱਗੀ ਕਰਨੀ ਇਤਿਆਦਿ ਸਭ ਪਾਪ ਹਨ ਪਰ ਇਹ ਸਾਰੇ ਪਾਪ, ਗੁਰੂ ਤੋਂ ਬੇਮੁਖ ਹੋਣ ਵਾਲੇ ਪਾਪ ਦੇ ਇਕ ਰੋਮ ਬਰਾਬਰ ਵੀ ਨਹੀਂ ਹਨ

ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ।
ਅਨਦਿਨ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ॥

NO. 4

DATE

ਆਖਵਾ ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ

ਧਰਤਿ ਅਸਮਾਨ ਨ ਝਲਈ ਵਿਚਿ ਵਿਸਟਾ ਪਏ ਪਚੰਨਿ।

ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ।

ਆਖਵਾ

ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ।

ਭਾਵ ਹੈ ਕਿ ਸ੍ਰੀ ਸਤਿਗੁਰੂ ਜੀ ਤੋਂ ਬੇਮੁਖ ਹੋਣਾ ਬਹੁਤ ਵਡਾ ਪਾਪ ਹੈ ਇਸੇ ਲਈ
ਸਤਿਗੁਰੂ ਜੀ ਸਾਨੂੰ ਸਿਖਿਆ ਦਿੰਦੇ ਹਨ ਕਿ ਅਰਦਾਸ ਕਰਿਆ ਕਰੋ ਕਿ

ਹੇ ਮਹਾਰਾਜ, ਮੈਨੂੰ ਸਦਾ ਈ ਬੇਮੁਖੀ ਤੇ ਰਖ ਲਈਂ

ਹੁਣ ਸਵਾਲ ਇਹ ਹੈ ਕਿ ਜੇ ਗਲਤੀ ਹੋ ਜਾਏ ਤਾਂ ਫਿਰ ਕੀਤਾ ਕੀ ਜਾਏ ?
ਤੁਸੀਂ ਸਾਰੇ ਸਿਆਣੇ ਹੋ, ਜਪੁਜੀ ਸਾਹਿਬ ਦੇ ਪਾਠ ਵਿਚ ਪੜ੍ਹਦੇ ਹੋ

"ਭਰੀਐ ਹਥੁ ਪੈਰੁ ਤਨੁ ਦੇਹ" ਤਾਂ "ਪਾਣੀ ਧੋਤੈ ਉਤਰਸੁ ਖੇਹ"

ਜੇ "ਮੂਤ ਪਲੀਤੀ ਕਪੜੁ ਹੋਇ" ਤਾਂ "ਦੇ ਸਾਬੂਣੁ ਲਈਐ ਓਹੁ ਧੋਇ"

ਇਸੇ ਤਰ੍ਹਾਂ "ਭਰੀਐ ਮਤਿ ਪਾਪਾ ਕੈ ਸੰਗਿ" ਤਾਂ ਫਿਰ ਓਹੁ ਮਤਿ

"ਓਹੁ ਧੋਪੈ ਨਾਵੈ ਕੈ ਰੰਗਿ"

ਹੁਣ ਵਿਚਾਰ ਇਹ ਹੈ ਕਿ ਜਿਸ ਨਾਮ ਰੰਗ ਨਾਲ ਸਾਰੇ ਪਾਪ ਖੰਡਨ ਹੋ ਜਾਂਦੇ ਹਨ
ਉਹ ਨਾਮ ਰੰਗ ਮਿਲਦਾ ਕਿਥੋਂ ਹੈ ? ਉਤਰ ਵਿਚ ਅਰਜ਼ ਹੈ

ਰਿ ਨਾਮਾ ਹਰਿ ਰੰਙੁ ਹੈ, ਹਰਿ ਰੰਙੁ ਮਜੀਠੈ ਰੰਙੁ

ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵਈ ਭੰਙੁ

# ਬਿਨੁ ਗੁਰ ਕੋਇ ਨ ਰੰਗੀਐ
# ਗੁਰਿ ਮਿਲਿਐ ਰੰਗੁ ਚੜਾਉ ।

ਜਰਾ ਧਿਆਨ ਦਿਓ ਸੱਜਣ ਠੱਗ ਵਲ । ਇਹ ਸੱਜਣ ਜ਼ਿਲਾ ਮੁਲਤਾਨ ਦੇ ਇਕ ਪਿੰਡ ਤੁਲੰਬਾ ਦਾ ਇਕ ਬਗਲ ਸਮਾਧੀ ਠੱਗ ਸੀ । ਇਸ ਨੇ ਪਿੰਡ ਤੋਂ ਕੁਝ ਦੂਰ ਇਕ ਵਡੀ ਹਵੇਲੀ ਬਣਵਾਈ ਹੋਈ ਸੀ । ਇਸੇ ਹਵੇਲੀ ਵਿਚ ਹੀ ਉਸ ਨੇ ਇਕ ਮਸੀਤ ਅਤੇ ਇਕ ਮੰਦਰ ਬਣਵਾਇਆ ਹੋਇਆ ਸੀ ਅਤੇ ਮੁਸਾਫਰਾਂ ਲਈ ਕਈ ਕਮਰੇ ਬਣਵਾਏ ਹੋਏ ਸਨ । ਕਮਰਿਆਂ ਵਿਚ ਬਿਸਤਰੇ ਮੰਜੇ ਵੀ ਰਖੇ ਹੋਏ ਸਨ ਇਥੇ ਮੁਸਾਫਰਾਂ ਨੂੰ ਮੁਫਤ ਭੋਜਨ ਵੀ ਛਕਾਇਆ ਜਾਂਦਾ ਸੀ । ਸਾਰੇ ਇਲਾਕੇ ਵਿਚ ਇਸ ਸੱਜਣ ਦੀ ਚਰਚਾ ਸੀ

ਇਹ ਪੜ੍ਹ ਕੇ ਤੁਸੀਂ ਵੀ ਸੋਚਦੇ ਹੋਵੋਗੇ ਕਿ ਸੱਜਣ ਕਿਡਾ ਵੱਡਾ ਦਾਨੀ ਸੀ । ਪਰ ਸਾਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ ਚਮਕਣ ਵਾਲੀ ਹਰ ਚੀਜ਼ ਸੋਨਾ ਨਹੀ ਹੁੰਦੀ . ਕਈ ਵੇਰਾਂ ਪਿਤਲ ਦੀ ਚਮਕ ਸੋਨੇ ਦੀ ਚਮਕ ਨਾਲੋਂ ਵੀ ਚੋਖੀ ਹੁੰਦੀ ਹੈ ਇਸਦਾ ਨਿਰਣਾ ਸਿਰਫ ਸਰਾਫ ਹੀ ਅਪਣੀ ਕੁਠਾਲੀ ਵਿਚ ਅੱਗ ਉਤੇ ਰਖ ਕੇ ਕਰ ਸਕਦਾ ਹੈ ਜਿਸ ਤਰ੍ਹਾਂ ਲਿਖਿਆ ਹੈ

## ਉਘੜਿ ਗਇਆ ਜੈਸਾ ਖੋਟਾ ਢਬੂਆ
## ਨਦਰਿ ਸਰਾਫਾ ਆਇਆ ॥

ਜਿਸ ਤਰ੍ਹਾਂ ਸੋਨੇ ਦੀ ਪਰਖ ਸਿਰਫ ਸਰਾਫ ਹੀ ਕਰਦਾ ਹੈ ਇਸ ਤਰ੍ਹਾਂ ਮਨੁਖ ਦੀ ਪਰਖ ਸਿਰਫ ਅੰਤਰਜਾਮੀ ਸਤਿਗੁਰੂ ਹੀ ਕਰ ਸਕਦਾ ਹੈ ਕਿਉਂਜੋ

## ਅੰਤਰ ਜਾਮੀ ਸਭੁ ਕਿਛੁ ਜਾਨੈ
## ਉਸ ਤੇ ਕਹਾ ਛਪਾਇਆ ॥

ਸੱਜਣ ਲੋਕਾਂ ਦੀ ਸੇਵਾ ਸਿਰਫ ਉਨਾਂ ਨੂੰ ਫਸਾਉਣ ਵਾਸਤੇ ਹੀ ਕਰਦਾ ਸੀ ਇਸ ਨੇ ਨੌਕਰ ਵੀ ਐਸੇ ਰਖੇ ਹੋਏ ਸਨ ਜਿਹੜੇ ਮੁਸਾਫਰਾਂ ਨੂੰ ਲੋਕ ਭਲਾਈ ਹਿਤ ਮੁਫਤ ਰਿਹਾਇਸ਼ ਅਤੇ ਮੁਫਤ ਭੋਜਨ ਦਾ ਲਾਲਚ ਦੇ ਕੇ ਹਵੇਲੀ ਵਿਚ ਲੈ ਆਉਂਦੇ ਸਨ । ਹਵੇਲੀ ਵਿਚ ਕਿਸੇ ਕਮਰੇ ਵਿਚ ਪਹਿਲਾਂ ਤਾਂ ਪਰਸ਼ਾਦ ਪਾਣੀ ਦੀ ਸੇਵਾ ਕਰਦੇ ਸਨ ਅਤੇ ਫਿਰ ਦਾਉ ਲਾ ਕੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਮਾਰ

ਦੇਂਦੇ ਸਨ ਅਤੇ ਉਨ੍ਹਾਂ ਦਾ ਧਨ ਸਾਂਭ ਲੈਂਦੇ ਸਨ ।

ਜਗਤ ਗੁਰੂ ਸ੍ਰੀ ਸਤਿਗੁਰ ਨਾਨਕ ਦੇਵ ਜੀ ਜਦ ਸੱਜਣ ਦਾ ਪੋਲ ਖੋਲ੍ਹਣ ਲਈ ਇਸ ਧਰਮਸਾਲਾ ਰੂਪੀ ਹਵੇਲੀ ਵਿਚ ਗਏ ਤਾਂ ਸੱਜਣ ਨੇ ਉਨ੍ਹਾਂ ਨੂੰ ਫਸਾਉਣ ਦਾ ਬੜਾ ਜਤਨ ਕੀਤਾ ਪਰ ਸਤਿਗੁਰੂ ਜੀ ਨੇ ਐਸਾ ਸ਼ਬਦ ਬਾਣ ਚਲਾਇਆ ਕਿ ਸੱਜਣ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਇਆ ਅਤੇ ਬੇਨਤੀ ਕੀਤੀ

## ਹਉ ਪਾਪੀ ਪਤਿਤੁ ਪਰਮ ਪਾਖੰਡੀ

ਹੇ ਮਹਾ ਪੁਰਖੋ

## ਹਉ ਕਪਟੀ, ਤੂੰ ਅੰਤਰਿਜਾਮੀ

ਹੇ ਮਹਾਰਾਜ
ਮੈਂ

## ਕੁਚਿਲ ਕਠੋਰ ਕਪਟ ਕਾਮੀ

ਤੇ ਕਿਰਪਾ ਕਰੋ

## ਜਿਉ ਜਾਨਹਿ ਤਿਉ ਤਾਰਿ ਸੁਆਮੀ

ਇਸ ਤਰਾਂ ਦੇ ਤਰਲੇ ਕਰ ਕੇ ਅਪਨੇ ਕੀਤੇ ਹੋਏ ਪਾਪਾਂ ਦੀ ਮੁਆਫੀ ਮੰਗੀ ਅਤੇ ਬਖਸ਼ਸ਼ ਵਾਸਤੇ ਬੇਨਤੀ ਕੀਤੀ । ਦਇਆ ਨਿਧਿ ਸ੍ਰੀ ਸਤਿਗੁਰੂ ਜੀ ਨੇ ਮਿਹਰ ਕੀਤੀ, ਭਜਨ ( ਗੁਰਮੰਤਰ ) ਬਖਸ਼ ਕੇ ਐਸਾ ਰੰਗ ਚਾੜ੍ਹਿਆ ਕਿ ਉਸ ਨੂੰ ਠੱਗ ਸੱਜ ਤੋਂ ਸੱਚਾ ਸੱਜਣ ਬਣਾ ਦਿੱਤਾ ਅਤੇ ਨਾਲ ਹੀ ਉਸ ਪਾਸੇ ਦਾ ਪਰਚਾਰਕ ਵੀ ਥਾਪ ਦਿੱਤਾ



Sri Satguru Jagjit Singh Ji Elibrary NamdhariElibrary@gmail.com

# ਸ੍ਰੀ ਸਤਿਗੁਰੂ ਨਾਨਕ ਦੇਵ ਜੀ



ਗੜ ਬਗਦਾਦੁ ਨਿਵਾਇਕੈ ਮਕਾ ਮਦੀਨਾ ਸਭੇ ਨਿਵਾਇਆ
ਸਿਧ ਚਉਰਾਸੀਹ ਮੰਡਲੀ, ਖਟਿ ਦਰਸਨਿ ਪਾਖੰਡਿ ਜਿਣਾਇਆ
ਪਾਤਾਲਾ ਆਕਾਸ ਲਖ, ਜੀਤੀ ਧਰਤੀ ਜਗਤੁ ਸਬਾਇਆ
ਜੀਤੀ ਨਉਖੰਡਿ ਮੇਦਨੀ, ਸਤਿਨਾਮ ਦਾ ਚਕ੍ਰ ਫਿਰਾਇਆ
ਦੇਵ ਦਾਨੋਂ ਰਾਕਸਿ ਦੈਤ ਸਭ, ਚਿਤ੍ਰ ਗੁਪਤਿ ਸਭਿ ਚਰਨੀ ਲਾਇਆ
ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ
ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕ ਆਇਆ
ਹਿੰਦੂ ਮੁਸਲਮਾਣਿ ਨਿਵਾਇਆ

Sri Satguru Jagjit Singh Ji Elibrary NamdhariElibrary@gmail.com

ਇਕ ਉਚੀ ਪਹਾੜੀ ਦੇ ਥੱਲੇ ਇਕ ਨਗਰ ਹਸਨ ਅਬਦਾਲ ਸੀ ਅਤੇ ਇਸ ਪਹਾੜੀ ਉੱਤੇ ਪਾਣੀ ਦਾ ਤਾਲਾਬ ਸੀ। ਪੁਰਾਣੇ ਸਮੇਂ ਵਿਚ ਹਸਨ ਅਬਦਾਲ ਦੇ ਨੇੜੇ ਤੇੜੇ ਕੋਈ ਖੂਹ ਬਾਉਲੀ ਜਾ ਪਾਣੀ ਦਾ ਕੋਈ ਚਸ਼ਮਾ ਨਹੀਂ ਸੀ। ਇਸ ਨਗਰ ਦੇ ਲੋਕ ਅਤੇ ਆਲੇ ਦੁਆਲੇ ਦੇ ਲੋਕ ਸਾਰੇ ਇਸੇ ਤਾਲਾਬ ਦਾ ਪਾਣੀ ਵਰਤਦੇ ਸਨ। ਇਸ ਤਾਲਾਬ ਦੇ ਕਿਨਾਰੇ ਇਕ ਕੰਧਾਰੀ ਨਾਮੀ ਮੁਸਲਮਾਨ ਫਕੀਰ ਰਹਿੰਦਾ ਸੀ। ਇਹੀ ਫਕੀਰ ਹੀ ਉਸ ਤਾਲਾਬ ਤੇ ਅਪਣਾ ਕਬਜ਼ਾ ਜਮਾਈ ਬੈਠਾ ਸੀ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਬਗਦਾਦ ਤੋਂ ਵਾਪਸ ਆਉਂਦਿਆਂ ਜਦੋਂ ਇਸ ਨਗਰ ਪਹੁੰਚੇ ਤਾਂ ਮਰਦਾਨੇ ਨੂੰ ਪਿਆਸ ਨੇ ਬੜਾ ਤੰਗ ਕੀਤਾ। ਸਤਿਗੁਰੂ ਜੀ ਆਪ ਤਾਂ ਕੁਝ ਆਰਾਮ ਕਰਨ ਵਾਸਤੇ ਪਹਾੜੀ ਦੇ ਥੱਲੇ ਹੀ ਬਹਿ ਗਏ ਅਤੇ ਮਰਦਾਨੇ ਨੂੰ ਪਹਾੜੀ ਉੱਤੇ ਵਲੀ ਕੰਧਾਰੀ ਕੋਲੋਂ ਪਾਣੀ ਪੀਣ ਵਾਸਤੇ ਘੱਲਿਆ। ਮਰਦਾਨੇ ਨੇ ਪਹਾੜੀ ਉਤੇ ਜਾ ਕੇ ਵਲੀ ਕੰਧਾਰੀ ਨੂੰ ਸਲਾਮ ਕਰਕੇ ਤਾਲਾਬ ਵਿਚੋਂ ਪਾਣੀ ਪੀਣ ਦੀ ਆਗਿਆ ਮੰਗੀ। ਵਲੀ ਨੇ ਅਜਨਬੀ ਸਮਝ ਕੇ ਪੁਛਿਆ ਤੂੰ ਕਉਨ ਹੈ ਅਤੇ ਕਿਥੋਂ ਦਾ ਰਹਿਣ ਵਾਲਾ ਹੈਂ? ਮਰਦਾਨੇ ਨੇ ਕਹਿਆ ਕਿ ਮੈਂ ਰਾਇ ਭੁਇ ਦੀ ਤਲਵੰਡੀ ਦਾ ਰਹਿਣ ਵਾਲਾ ਰਬਾਬੀ ਹਾਂ। ਇਸ ਸਮੇਂ ਮੈਂ ਗੁਰੂ ਨਾਨਕ ਦੇਵ ਜੀ ਨਾਲ ਰਹਿੰਦਾ ਹਾਂ ਅਤੇ ਕੀਰਤਨ ਕਰਦਾ ਹਾਂ, ਮਰਦਾਨੇ ਨੇ ਇਹ ਵੀ ਦਸਿਆ ਕਿ ਗੁਰੂ ਨਾਨਕ ਦੇਵ ਜੀ ਇਕ ਸੱਚੇ ਗੁਰੂ ਹਨ ਸਭ ਦਾ ਭਲਾ ਕਰਦੇ ਹਨ। ਪਾਖੰਡ, ਭਰਮਾਂ ਅਤੇ ਵਹਿਮਾਂ ਤੋਂ ਉਪਰ ਹਨ। ਜ਼ੁਲਮ ਅਤੇ ਅਨਿਆਂ ਦੇ ਖਿਲਾਫ਼ ਪਰਚਾਰ ਕਰਦੇ ਹਨ ਅਤੇ ਲੋਕਾਂ ਨੂੰ ਖੁਦਾ ਦੀ ਬੰਦਗੀ ਵਲ ਲਾਉਂਦੇ ਹਨ। ਹੋਰ ਸਭ ਰੱਬੀ ਸ਼ਕਤੀਆਂ ਦੇ ਮਾਲਕ ਹਨ ਵਡੇ ਵਡੇ ਬ੍ਰਾਹਮਣਾਂ ਨੂੰ, ਮੱਕੇ ਦੇ ਕਾਜ਼ੀਆਂ ਨੂੰ, ਸਿੱਧਾਂ ਨੂੰ ਅਤੇ ਹੋਰ ਅਗਣਿਤ ਜੀਵਾਂ ਨੂੰ ਸਿਧੇ ਰਾਹ ਤੇ ਪਾਇਆ ਹੈ

## ਗੜ ਬਗਦਾਦੁ ਨਿਵਾਇਕੈ, ਮਕਾ ਮਦੀਨਾ ਸਭੇ ਨਿਵਾਇਆ
## ਸਿਧ ਚਉਰਾਸੀਹ ਮੰਡਲੀ, ਖਟਿ ਦਰਸਨਿ ਪਾਖੰਡਿ ਜਿਣਾਇਆ

## ਹਿੰਦੂ ਮੁਸਲਮਾਣ ਨਿਵਾਇਆ

ਮਰਦਾਨੇ ਕੋਲੋਂ ਇਕ ਹਿੰਦੂ ਗੁਰੂ ਦੀ ਉਸਤਤਿ ਸੁਣਕੇ ਵਲੀ ਸੜ ਬਲ ਗਿਆ ਇਕ ਹਿੰਦੂ ਕਾਫਰ ਦੀ ਸੋਭਾ ਕਰਨ ਕਰਕੇ ਮਰਦਾਨੇ ਨੂੰ ਪਾਣੀ ਨ ਪੀਣ ਦਿੱਤਾ। ਮਰਦਾਨਾ ਨਿਰਾਸ ਹੋ ਕੇ ਵਾਪਸ ਗੁਰੂ ਜੀ ਕੋਲ ਆ ਗਿਆ ਅਤੇ ਸਾਰੀ ਗਲ ਦੱਸੀ ਗੁਰੂ ਜੀ ਮਰਦਾਨੇ ਨੂੰ ਸਮਝਾਇਆ ਕਿ ਇਸ ਇਲਾਕੇ ਵਿਚ ਪਾਣੀ ਤਾਂ ਸਿਰਫ

Sri Satguru Jagjit Singh Ji Elibrary NamdhariElibrary@gmail.com

ਪਹਾੜੀ ਉੱਤੇ ਹੀ ਹੈ ਤੂੰ ਇਕ ਵਾਰ ਫਿਰ ਜਾ ਅਤੇ ਵਲੀ ਦੇ ਤਰਲੇ ਮਿੰਨਤਾਂ ਕਰਕੇ ਪਾਣੀ ਪੀ ਆ । ਜਦੋਂ ਮਰਦਾਨਾ ਦੂਜੀ ਵਾਰ ਗਿਆ ਤਾਂ ਵਲੀ, ਮਰਦਾਨੇ ਨੂੰ ਦੂਰੋਂ ਵੇਖਕੇ ਲਾਲ ਪੀਲਾ ਹੋ ਗਿਆ ਅਤੇ ਗੁੱਸੇ ਵਿਚ ਮਰਦਾਨੇ ਨੂੰ ਝਾੜਦਿਆਂ ਕਹਿਆ, " ਤੈਨੂੰ ਸ਼ਰਮ ਨਹੀਂ ਆਉਂਦੀ ਕਿ ਤੂੰ ਇਕ ਮੁਸਲਮਾਨ ਹੋ ਕੇ ਇਕ ਹਿੰਦੂ ਕਾਫਰ ਦੀ ਉਸਤਤਿ ਕਰਦਾ ਹੈਂ ਜੇ ਉਹ ਇੰਨਾ ਸ਼ਕਤੀਵਾਨ ਹੈ ਤਾਂ ਤੈਨੂੰ ਪਾਣੀ ਵੀ ਨਹੀਂ ਦੇ ਸਕਦਾ", ਮੇਰੀ ਅੱਖੀਆਂ ਤੋਂ ਦੂਰ ਹੋ ਜਾਹ ! " ਮਰਦਾਨਾ ਡਰਦਾ ਡਰਦਾ ਵਾਪਸ ਚਲਾ ਗਿਆ ਅਤੇ ਗੁਰੂ ਜੀ ਨੂੰ ਕਹਿਆ, "ਗੁਰੂ ਜੀ, ਵਲੀ ਤਾਂ ਮੈਨੂੰ ਘੂਰ ਘੂਰ ਕੇ ਪੈਂਦਾ ਹੈ ਅਤੇ ਤਾਲਾਬ ਦੇ ਨੇੜੇ ਵੀ ਨਹੀ ਹੋਣ ਦੇਂਦਾ, ਹੇ ਗੁਰੂ ਜੀ ਬੜੀ ਪਿਆਸ ਲਗੀ ਹੋਈ ਹੈ, ਕਿਧਰੇ ਹੋਰ ਥਾਂ ਤੋਂ ਪਾਣੀ ਪਿਲਾਉਣ ਦਾ ਜਤਨ ਕਰੋ।" ਗੁਰੂ ਜੀ ਨੇ ਮਰਦਾਨੇ ਨੂੰ ਧੀਰਜ ਬੰਧਾਦਿਆਂ ਕਹਿਆ, ਹੇ ਮਰਦਾਨਿਆ, ਫਿਕਰ ਨ ਕਰ ਤੈਨੂੰ ਪਾਣੀ ਨਾਲ ਰਜਾ ਦਿਆਂਗੇ ਮੇਰਾ ਬਚਨ ਮੰਨ ਕੇ ਇਕ ਵਾਰ ਫਿਰ ਜਾ "। ਤ੍ਰੇਹ ਨਾਲ ਵਿਆਕੁਲ ਹੋਇ ਮਰਦਾਨੇ ਨੇ ਕਹਿਆ, ਹੇ ਗੁਰੂ ਜੀ

## ਏਕ ਬੂੰਦ ਜਲ ਕਾਰਨੇ, ਚਾਤ੍ਰਿਕ ਦੁਖੁ ਪਾਵੈ ।
## ਪ੍ਰਾਨ ਗਏ ਸਾਗਰੁ ਮਿਲੈ, ਫੁਨਿ ਕਾਮਿ ਨ ਆਵੈ ।

ਸਤਿਗੁਰੂ ਜੀ ਨੇ ਮਰਦਾਨੇ ਨੂੰ ਕਹਿਆ, " ਮਰਦਾਨਿਆ! ਤੈਨੂੰ ਮਾਰਨ ਵਾਸਤੇ ਤੇ ਨਾਲ ਨਹੀਂ ਲਿਆਂਦਾ, ਤੂੰ ਫਿਕਰ ਕਿਉਂ ਕਰਦਾ ਹੈਂ? ਮੇਰਾ ਬਚਨ ਮੰਨ ਅਤੇ ਇਕ ਵਾਰ ਫਿਰ ਜਾਹ।"

ਸ੍ਰੀ ਗੁਰੂ ਜੀ ਦੇ ਅਨੇਕ ਕੌਤਕ ਵੇਖ ਕੇ ਮਰਦਾਨੇ ਨੂੰ ਸਤਿਗੁਰੂ ਜੀ ਦੇ ਬਚਨਾਂ ਤੇ ਪੂਰਨ ਨਿਸਚਾ ਸੀ ਪਰ ਤ੍ਰੇਹ ਨੇ ਅਤੇ ਦੋ ਵਾਰੀ ਪਹਾੜੀ ਤੇ ਚੜ੍ਹਨ ਅਤੇ ਉਤਰਨ ਕਰਕੇ ਥਕਾਵਟ ਨੇ ਮਰਦਾਨੇ ਨੂੰ ਨਿਢਾਲ ਕਰ ਦਿੱਤਾ ਸੀ। ਪਿਆਸਾ ਅਤੇ ਥਕਿਆ ਹੋਇਆ ਮਰਦਾਨਾ, ਹਫਦਾ ਹਫਦਾ ਤੀਜੀ ਵੇਰ ਫਿਰ ਪਹਾੜੀ ਤੇ ਗਿਆ । ਵਲੀ ਦੇ ਬੜੇ ਤਰਲੇ ਕੀਤੇ ਅਤੇ ਖੁਦਾ ਦਾ ਵਾਸਤਾ ਪਾ ਕੇ ਕਹਿਆ, " ਸਾਈਂ ਲੋਕ ਵਲੀ ਜੀ, ਪਿਆਸ ਨਾਲ ਮੇਰੀ ਜਾਨ ਨਿਕਲ ਰਹੀ ਹੈ, ਮੈਨੂੰ ਦੋ ਘੁਟ ਪਾਣੀ ਪੀ ਲੈਣ ਦਿਓ, ਖੁਦਾ ਤੁਹਾਡਾ ਭਲਾ ਕਰੇਗਾ।" ਮਰਦਾਨੇ ਦੇ ਤਰਲਿਆਂ ਦਾ ਕਠੋਰ ਮਨ ਵਲੀ ਤੇ ਕੁਝ ਅਸਰ ਨ ਹੋਇਆ । ਉਸ ਨੇ ਮਰਦਾਨੇ ਨੂੰ ਪਾਣੀ ਪੀਣ ਨਾ ਹੀ ਦਿੱਤਾ, ਬੜੇ ਕ੍ਰੋਧ ਵਿਚ ਕਹਿਣ ਲੱਗਾ ਕਿ ਤੂੰ ਜੋ ਕਹਿੰਦਾ ਹੈਂ ਕਿ ਉਹ ਬੜਾ ਸ਼ਕਤੀਵਾਨ ਹੈ, ਕੀ ਉਹ ਅਪਣੀ ਸ਼ਕਤੀ ਨਾਲ ਪਾਣੀ ਵੀ ਨਹੀਂ ਪਿਲਾ ਸਕਦਾ ? ਚੰਗਾ ਤੇਰਾ ਪੀਰ ਸ਼ਕਤੀ ਵਾਲਾ ਹੈ ਜਿਹੜਾ ਘੜੀ ਮੁੜੀ ਤੈਨੂੰ ਮੇਰੇ ਕੋਲ ਘਲਦਾ ਹੈ

Sri Satguru Jagjit Singh Ji Elibrary NamdhariElibrary@gmail.com

ਇਥੋਂ ਹੀ ਪਤਾ ਲੱਗ ਗਿਆ ਹੈ ਕਿ ਤੂੰ ਐਵੇਂ ਹੀ ਅਪਣੇ
ਪੀਰ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਾ ਫਿਰਦਾ ਹੈਂ । ਤੈਨੂੰ ਪਤਾ ਹੋਣਾ ਚਾਹੀਦਾ ਹੈ
ਕਿ **ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ**
**ਅਣਹੋਦੀ ਕਿਥਹੁ ਪਾਏ ।**

ਮਰਦਾਨਾ ਫੇਰ ਝਿੜਕਾਂ ਖਾ ਕੇ ਪਿਆਸ ਨਾਲ ਡਾਢਾ ਵਿਆਕੁਲ
ਗੁਰੂ ਜੀ ਕੋਲ ਵਾਪਸ ਆ ਗਿਆ ਅਤੇ ਬੇਨਤੀ ਕੀਤੀ, "ਗੁਰੂ ਜੀ,
ਵਲੀ ਤਾਂ ਪਾਣੀ ਪੀਣ ਨਹੀਂ ਦੇਂਦਾ, ਉਹ ਤਾਂ ਮੈਨੂੰ ਮਾਰਨ ਨੂੰ ਪੈਂਦਾ ਹੈ
ਮੈਂ ਤਾਂ ਭੱਜ ਕੇ ਅਪਣੀ ਜਾਨ ਬਚਾਈ ਹੈ । ਉਹਦੇ ਕੋਲੋਂ ਤਾਂ ਬਚ ਕੇ
ਆ ਗਿਆ ਹਾਂ ਪਰ ਜਾਪਦਾ ਹੈ ਕਿ ਹੁਣ ਤ੍ਰੇਹ ਨਾਲ ਮੇਰਾ ਅੰਤਿਮ ਸਮਾ
ਇਥੇ ਹੀ ਆਇਆ ਖਲੋਤਾ, ਹੇ ਗੁਰੂ ਜੀ,

**ਬਾਬੀਹਾ ਬੇਨਤੀ ਕਰੇ, ਕਰਿ ਕਿਰਪਾ ਦੇਹੁ ਜੀਅ ਦਾਨ ।**
**ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਹਿ ਮੇਰੇ ਪ੍ਰਾਨ "**

ਹੁਣ ਤਾਂ **ਇਹੁ ਜਲੁ ਮੇਰਾ ਜੀਉ ਹੈ, ਜਲੁ ਬਿਨੁ ਰਹਣੁ ਨ ਜਾਇ ।**

ਮਰਦਾਨਾ ਹੱਲੀ ਆਪਣੀ ਗੱਲ ਪੂਰੀ ਵੀ ਨਹੀਂ ਸੀ ਕਰ ਸਕਿਆ ਕਿ
ਜਲ ਦੀਆਂ ਕੁਝ ਛਿੱਟਾਂ ਉਸਦੇ ਪੈਰਾਂ ਤੇ ਅਚਾਨਕ ਹੀ
ਆਣ ਪਈਆਂ । ਹੈਰਾਨ ਹੋਇਆ ਕਿ ਇਹ ਛਿੱਟਾਂ ਕਿਥੋਂ ਆਣ ਪਈਆਂ
ਹਨ । ਜਦੋਂ ਪਿਛੇ ਵੇਖਿਆ ਤਾਂ ਉਥੇ ਕੋਲ ਹੀ ਇਕ ਨਿਰਮਲ ਅਤੇ
ਸਵੱਛ ਪਾਣੀ ਦਾ ਚਸ਼ਮਾ ਚਲ ਰਹਿਆ ਦਿਖਾਈ ਦਿੱਤਾ,
ਦਿਲ ਬਾਗ ਬਾਗ ਹੋ ਗਿਆ, ਆਪ ਮੁਹਾਰੇ ਮੂੰਹੋਂ ਨਿਕਲ ਗਿਆ

**ਵਾਹ ਵਾਹ, ਸੁਬ੍ਹਾਨ ਅਲੱਾ**
**"ਸੂਕੇ ਹਰੇ ਕੀਏ ਖਿਨ ਮਾਹੇ**
**ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ" ।**

ਰਜ ਰਜ ਕੇ ਪਾਣੀ ਪੀਤਾ, ਜਨਮਾਂ ਜਨਮਾਤਰਾਂ ਦੀ ਤ੍ਰੇਹ ਦੂਰ ਹੋ ਗਈ

Sri Satguru Jagjit Singh Ji Elibrary NamdhariElibrary@gmail.com

ਤੁਸੀ ਸਾਰੇ ਜਾਣਦੇ ਹੀ ਹੋ ਕਿ ਇਹ ਪਾਣੀ ਕਿਥੋਂ ਆ ਗਿਆ ਸੀ। ਇਕ ਪਿਆਸੀ ਅਥਵਾ ਨਿਰਮਲ ਰੂਹ ਦੀ ਆਹ ਨੇ

## "ਅਹੰਕਾਰੀਆ ਨਿੰਦਕਾ ਪਿਠ ਦੇਇ"

ਅਨੁਸਾਰ ਅਹੰਕਾਰੀ ਅਤੇ ਘਮੰਡੀ ਵਲੀ ਨੂੰ ਖਾਲੀ ਕਰ ਦਿੱਤਾ ਅਤੇ ਨਾਲ ਹੀ ਉਸ ਪਾਣੀ ਭਰੇ ਤਾਲਾਬ ਨੂੰ ਵੀ ਖਾਲੀ ਕਰ ਦਿੱਤਾ ਜਿਸ ਆਸਰੇ ਵਲੀ ਆਫਰਿਆ ਹੋਇਆ ਸੀ। ਤਾਲਾਬ ਦਾ ਪਾਣੀ ਚਸ਼ਮੇ ਰਾਹੀ ਥੱਲੇ ਆ ਗਿਆ ਸੀ

ਵਲੀ ਨੂੰ ਇਕ ਤਾਂ ਮਰਦਾਨੇ ਉੱਤੇ ਗੁੱਸਾ ਸੀ ਅਤੇ ਹੁਣ ਜਦੋਂ ਤਾਲਾਬ ਵਿਚੋਂ ਪਾਣੀ ਮੁਕਦਾ ਵੇਖਿਆ ਤਾਂ ਉਸਦੇ ਗੁੱਸੇ ਰੂਪੀ ਅੱਗ ਤੇ ਤੇਲ ਪੈ ਗਿਆ ਭਾਂਬੜ ਮਚ ਗਿਆ ਅਤੇ ਵਲੀ ਆਪੇ ਤੋਂ ਬਾਹਰ ਹੋ ਗਿਆ

## ਮਨ ਮਹਿ ਕ੍ਰੋਧੁ ਮਹਾ ਅਹੰਕਾਰਾ

ਵਲੀ ਬੜਾ ਕ੍ਰੋਧਵਾਨ ਹੋਇਆ ਅਤੇ ਅਪਣੀ ਸ਼ਕਤੀ ਨਾਲ ਇਕ ਛੋਟੀ ਜਿਹੀ ਪਹਾੜੀ ਜਿੱਡਾ ਪੱਥਰ ਉਸ ਪਾਸੇ ਵਲ ਥੱਲੇ ਨੂੰ ਰੋੜ੍ਹ ਦਿੱਤਾ ਜਿਧਰ ਸ੍ਰੀ ਗੁਰ ਨਾਨਕ ਦੇਵ ਜੀ ਆਰਾਮ ਕਰ ਰਹੇ ਸਨ।

ਮਰਦਾਨੇ ਨੇ ਜਦੋਂ ਰਜਕੇ ਪਾਣੀ ਪੀ ਕੇ ਅੱਲਾ ਦੇ ਸ਼ੁਕਰਾਨੇ ਵਜੋਂ ਉਪਰ ਅਸਮਾਨ ਵਲ ਤੱਕਿਆ ਤਾਂ ਇਕ ਦਮ ਚਿੱਲਾ ਉਠਿਆ

## ਗੁਰੂ ਜੀ! ਗੁਰੂ ਜੀ! ਬਚਾਉ, ਔਹ ਵੇਖੋ।
## ਸਾਡੇ ਉੱਤੇ ਪਹਾੜੀ ਰਿੜ੍ਹਦੀ ਆ ਰਹੀ ਹੈ!
## ਹਾਏ ਹੁਣ ਮਰੇ!

ਸਤਿਗੁਰੂ ਜੀ ਨੇ ਮਰਦਾਨੇ ਨੂੰ ਧੀਰਜ ਦਿੰਦਿਆਂ ਕਿਹਾ, "ਮਰਦਾਨਿਆ, ਡਰ ਨਾ ਭਜਨ ਕਰ,"

## ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ।

ਉਹ ਪਹਾੜੀ ਰੂਪ ਪੱਥਰ ਉੱਤੋਂ ਤਾਂ ਬੜੀ ਤੇਜੀ ਨਾਲ ਗੜ ਗੜ ਕਰਦਾ ਰਿੜ੍ਹਦਾ ਆ ਰਿਹਾ ਸੀ ਪਰ ਜਦੋਂ ਸਤਿਗੁਰੂ ਜੀ ਦੇ ਨੇੜੇ ਆਇਆ ਤਾਂ ਸ੍ਰੀ ਸਤਿਗੁਰੂ ਜੀ ਦੇ ਸਤਿਕਾਰ ਵਜੋਂ ਬੜੇ ਅਦਬ ਨਾਲ ਹੌਲੀ ਹੌਲੀ ਰਿੜ੍ਹ ਕੇ ਸਤਿਗੁਰੂ ਜੀ ਦੇ ਚਰਨ ਪਰਸਣ ਹੀ ਲੱਗਾ ਸੀ ਕਿ ਸਤਿਗੁਰੂ ਜੀ ਨੇ ਅਸੀਰਵਾਦ ਦੇਂਦਿਆਂ ਅਪਣਾ ਪੰਜਾ ਛੁਆ ਕੇ ਰੁਕ ਜਾਣ ਦਾ ਇਸ਼ਾਰਾ ਕੀਤਾ ਹੁਕਮ ਅਨੁਸਾਰ ਉਹ ਪਹਾੜੀ ਰੂਪ ਪੱਥਰ ਸਤਿਗੁਰੂ ਜੀ ਨੂੰ ਛਾਂ ਦੇਣ ਲਈ ਇਕ ਛੱਤਰ ਦੀ ਤਰਾਂ ਉਲਰ ਕੇ ਅਟਕ ਗਿਆ।

ਦੂਜੇ ਪਾਸੇ ਜਦੋਂ ਪਹਾੜੀ ਉਪਰੋਂ ਵਲੀ ਨੇ ਥੱਲੇ ਵਲ ਝਾਤ ਮਾਰੀ ਤਾਂ ਸਤਿਗੁਰੂ ਜੀ ਅਪਣੇ ਰੰਗ ਵਿਚ ਮਸਤ ਦਿਖਾਈ ਦਿੱਤੇ ਅਤੇ ਪੱਥਰ ਵੀ ਸਤਿਗੁਰੂ ਜੀ ਉੱਤੇ ਛੱਤਰ ਦੀ ਤਰ੍ਹਾਂ

ਉਛਲਿਆ ਹੋਇਆ ਅਟਕਿਆ ਵਿਸਿਆ।

ਹੁਣ ਵਲੀ ਦੇ ਅਹੰਕਾਰ ਦਾ ਕਿਲਾ ਚਿਕਨਾ ਚੂਰ ਹੋ ਗਿਆ ਸੋਝੀ ਹੋ ਗਈ ਕਿ ਇਹ ਕੋਈ ਜ਼ਰੂਰ ਵੱਡੀ ਤਾਕਤ ਦਾ ਮਾਲਕ ਹੈ

## ਅਬ ਹਮ ਚਲੀ ਠਾਕੁਰ ਪਹਿ ਹਾਰਿ

ਪਹਾੜੀ ਦੀ ਚੋਟੀ ਤੋਂ ਹੀ ਨੰਗੀ ਪੈਰੀਂ ਭੱਜਾ ਭੱਜਾ ਆਇਆ ਅਤੇ ਸਲਾਮ ਕਰ ਕੇ ਸਿਜਦਾ ਕੀਤਾ ਅਤੇ ਅੱਲਾ ਦਾ ਵਾਸਤਾ ਪਾ ਕੇ ਅਪਣੇ ਗੁਨਾਹ ਦੀ ਮੁਆਫ਼ੀ ਮੰਗੀ। ਵਲੀ ਦਾ ਗੁਮਾਨ ਤਾਂ ਜਾਂਦਾ ਰਿਹਾ ਸੀ ਪਰ ਸਤਿਗੁਰੂ ਜੀ ਨੇ ਉਸ ਨੂੰ ਸੱਚਾ ਗਿਆਨ ਦੇਂਦਿਆਂ ਸਮਝਾਇਆ ਕਿ ਵਲੀ ਜੀ! ਫ਼ਕੀਰਾਂ ਨੂੰ ਇੰਨਾ ਕਠੋਰ ਨਹੀਂ ਹੋਣਾ ਚਾਹੀਦਾ

## ਕਬੀਰ ਸੰਤਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ
## ਮਲਿਆਗਰ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ

ਵਲੀ ਜੀ ਫ਼ਕੀਰਾਂ ਨੂੰ ਅਪਣਾ ਸੀਤਲ ਸੁਭਾਉ ਛੱਡਣਾ ਨਹੀਂ ਚਾਹੀਦਾ ਤੁਸੀਂ ਵੇਖੋ ਚੰਦਨ ਦਾ ਬੂਟਾ ਭਾਵੇਂ ਸੱਪਾਂ ਨਾਲ ਘਿਰਿਆ ਵੀ ਹੁੰਦਾ ਹੈ ਤਾਂ ਵੀ ਉਹ ਸੀਤਲਤਾ ਨਹੀਂ ਤਿਆਗਦਾ।

ਸਤਿਗੁਰੂ ਜੀ ਦਾ ਸ਼ੁਭ ਉਪਦੇਸ਼ ਅਤੇ ਨੇਕ ਨਸੀਹਤ ਸੁਣ ਕੇ ਵਲੀ ਦਾ ਮਨ ਸ਼ਾਂਤ ਹੋ ਗਿਆ, ਚਿਤ ਦੀ ਬੇਚੈਨੀ ਦੂਰ ਹੋ ਗਈ ਅਹੰਕਾਰ ਦਾ ਕੰਡਾ ਨਿਕਲ ਗਿਆ ਅਤੇ ਬਾਰ ਬਾਰ ਸਿਜਦਾ ਕਰਦਿਆਂ ਅਪਣੇ ਗੁਨਾਹਾਂ ਦੀ ਮੁਆਫ਼ੀ ਮੰਗੀ

## ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ
## ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖ ਲੇਹੁ ਸਰਨਾਇਓ

ਸ੍ਰੀ ਸਤਿਗੁਰੂ ਜੀ ਨੇ ਵਲੀ ਨੂੰ ਅਸ਼ੀਰਵਾਦ ਦਿੰਦਿਆਂ ਧੀਰਜ ਦਿੱਤੀ। ਫਿਰ ਵਲੀ ਸਤਿਗੁਰੂ ਜੀ ਦਾ ਸ਼ਰਧਾਲੂ ਬਣ ਗਿਆ ਅਤੇ ਹਉਮੈ ਤਿਆਗ ਕੇ ਲੋਕ ਸੇਵਾ ਕਰਨ ਲਗ ਪਿਆ

Sri Satguru Jagjit Singh Ji Elibrary NamdhariElibrary@gmail.com



ਚੀ
ਨੀ
ਵਾ
ਲੇ
ਪਾ
ਤ
ਸ਼ਾਹ

ਅਸੀਂ ਸਾਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਚੀਨੀ ਵਾਲੇ ਪਾਤਸ਼ਾਹ ਜੀ ਕਰ ਕੇ ਯਾਦ ਕਰਦੇ ਹਾਂ। ਭਾਵੇਂ ਤੁਸੀਂ ਜਾਣਦੇ ਹੀ ਹੋਵੋਗੇ ਕਿ ਚੀਨੀ ਘੋੜੀ ਸ. ਮੰਗਲ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਮੱਥਾ ਟੇਕੀ ਸੀ ਮੈਂ ਉਸ ਸ. ਮੰਗਲ ਸਿੰਘ ਜੀ ਦੀ ਸਾਖੀ ਲਿਖਣ ਦਾ ਜਤਨ ਕਰਦਾ ਹਾਂ :—

ਸ: ਮੰਗਲ ਸਿੰਘ ਜੀ ਦੂਸਰੇ ਸਰਦਾਰਾਂ ਵਾਂਗੂ ਮਾਸ ਖਾਣ, ਸ਼ਰਾਬ ਪੀਣ ਅਤੇ ਕਈ ਹੋਰ ਐਬਾਂ ਦੇ ਸ਼ਿਕਾਰ ਸਨ ਅਤੇ ਅਪਣੀ ਸਰਦਾਰੀ ਹੈਂਕੜ ਵਿਚ ਮੱਤੇ ਹੋਏ ਸਨ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਰਚਾਰ ਦੌਰੇ ਕੀਤੇ ਤਾਂ ਅਨੇਕ ਹੀ ਭੁਲੇ ਭਟਕੇ ਸਿਖ ਨਾਮਧਾਰੀ ਸਜ ਗਏ। ਸਤਿਗੁਰੂ ਜੀ ਦਾ ਜੱਸ ਸਾਰੇ ਪੰਜਾਬ ਵਿਚ ਫੈਲਣ ਲਗਾ ਜਿਸ ਤਰ੍ਹਾਂ ਲਿਖਿਆ ਹੈ

ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿਖ ਪੰਥ ਥਿਰ ਥਾਪਣਿਓ, ਨਾਮ ਰਸ ਪਾਗਿਓ।

ਜਦੋਂ ਸ: ਮੰਗਲ ਸਿੰਘ ਜੀ ਨੇ ਸਤਿਗੁਰੂ ਜੀ ਦਾ ਜਸ ਸੁਣਿਆ ਤਾਂ ਸਹਾਰ ਨ ਸਕਿਆ ਕਿਉਂਜੋ

ਨਿੰਦਕ ਨਾਮ ਵਿਹੂਣਿਆ ਸਤਿਸੰਗ ਨ ਭਾਵੈ

ਆਖੇ, ਐਵੇਂ ਲੋਕ ਭੇਡ ਚਾਲ, ਉਸ ਨੂੰ ਗੁਰੂ, ਗੁਰੂ ਆਖਦੇ ਫਿਰਦੇ ਹਨ, ਮੈਂ ਹੁਣੇ ਜਾ ਕੇ

Sri Satguru Jagjit Singh Ji Elibrary NamdhariElibrary@gmail.com

ਉਸਦੀ ਗੁਰਿਆਈ ਦਾ ਪੋਲ ਖੋਲਦਾ ਹਾਂ । ਅਪਣੀ ਚੰਡਾਲ ਚੌਂਕੜੀ ਨੂੰ ਤਿਆਰ ਕੀਤਾ ਅਤੇ ਇਹ ਸਾਰੇ ਹੰਕਾਰ ਬਾਜ਼ ਘੋੜਿਆਂ ਤੇ ਸਵਾਰ ਹੋ ਕੇ ਸ੍ਰੀ ਭੈਣੀ ਸਾਹਿਬ ਵਲ ਤੁਰ ਪਏ । ਮੰਗਲ ਸਿੰਘ ਆਪ ਚੀਨੀ ਘੋੜੀ ਤੇ ਸਵਾਰ ਸੀ। ਇਹ ਰਾਹ ਵਿਚ ਅਪਣੀ ਸਰਦਾਰੀ ਹੈਂਕੜ ਵਿਚ ਸ੍ਰੀ ਸਤਿਗੁਰੂ ਜੀ ਬਾਰੇ ਕਈ ਅਯੋਗ ਗਲਾਂ ਕਰਦਾ ਜਾ ਰਿਹਾ ਸੀ ਆਖੇ ਵੇਖੋ ਇਕ ਕਿੱਲੇ ਘੜਨ ਵਾਲਾ ਤਰਖਾਨ ਗੁਰੂ ਬਣ ਬੈਠਾ ਹੈ, ਇਹਨੂੰ ਸ਼ਰਮ ਨਹੀਂ ਆਉਂਦੀ ਲੋਕਾਂ ਕੋਲੋਂ ਮੱਥੇ ਟਿਕਾਉਂਦਾ ਹੈ । ਪੈਸੇ ਬਟੋਰਦਾ ਫਿਰਦਾ ਹੈ -- ਇਤਿਆਦਿ ਕਈ ਗਲਾਂ ਕਰਦਾ ਜਾ ਰਿਹਾ ਸੀ ਇਸੇ ਚੌਂਕੜੀ ਵਿਚੋਂ ਇਕ ਸਰੀਰ ਨੇ ਕਿਹਾ ਕਿ ਭਈ ਅਸੀਂ ਪਹਿਲਾਂ ਵੇਖ ਤੇ ਲਈਏ, ਕਿਹੋ ਜੇਹਾ ਹੈ ਸ਼ਾਇਦ ਕੋਈ ਜੰਤ੍ਰ ਮੰਤ੍ਰ ਜਾਣਦਾ ਹੋਵੇ । ਮੰਗਲ ਸਿੰਘ ਨੇ ਇਸ ਆਦਮੀ ਨੂੰ ਘੂਰਦਿਆਂ ਆਖਿਆ 'ਕਿ 'ਇਕ ਤੂੰ ਹੀ ਹੈਂ ਜਿਹੜਾ ਇਸਤਰਾਂ ਆਖਦਾ ਹੈਂ, ਚਲ ਮੈਂ ਤੇਰੀ ਗਲ ਵੀ ਮੰਨ ਲੈਂਦਾ ਹਾਂ । ਮੈਂ ਸਾਰਿਆਂ ਸਾਮ੍ਹਣੇ ਇਹ ਆਖਦਾ ਹਾਂ ਕਿ ਜੇ 'ਪਿੰਡ' ਭੈਣੀ ਵਿਚ ਵੜਦਿਆਂ ਸਾਨੂੰ ਉਹ ਅਗੋਂ ਆ ਕੇ ਮਿਲਿਆ ਤਾਂ ਮੈਂ ਉਸ ਨੂੰ ਸੱਚਾ ਗੁਰੂ ਸਮਝਾਂਗਾ ਨਹੀਂ ਤਾਂ ਉਹ ਇਕ ਪਾਖੰਡੀ ਹੀ ਹੋਵੇਗਾ

ਇਸ ਤਰ੍ਹਾਂ ਦੀਆਂ ਗਲਾਂ ਕਰਦੀ ਕਰਦੀ ਜਦੋਂ ਇਹ ਚੌਂਕੜੀ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਦਾਖਲ ਹੋਈ ਤਾਂ "ਘਟ ਘਟ ਕੇ ਅੰਤਰ ਕੀ ਜਾਨਤ" ਵਾਲੇ ਸਤਿਗੁਰੂ ਜੀ ਜੰਗਲ ਜਾਣ ਦੇ ਬਹਾਨੇ ਹੱਥ ਵਿਚ ਜਲ ਦਾ ਗੜਵਾ ਫੜੀ ਸ੍ਰ: ਮੰਗਲ ਸਿੰਘ ਨੂੰ ਅਗੋਂ ਮਿਲੇ । ਮੰਗਲ ਸਿੰਘ ਨੇ ਸਰਦਾਰੀ ਹੈਂਕੜ ਵਿਚ ਪੁਛਿਆ ਕਿ ਭਾਈ ਅਸਾਂ ਸੁਣਿਆ ਹੈ ਕਿ ਭੈਣੀ ਵਿਚ ਇਕ ਤਰਖਾਨ ਆਪੂੰ ਗੁਰੂ ਬਣੀ ਬੈਠਾ ਹੈ ਕੀ ਤੈਨੂੰ ਉਸਦਾ ਕੁਝ ਪਤਾ ਹੈ ? ਉਸਦਾ ਘਰ ਕਿਥੇ ਹੈ ? ਸ੍ਰੀ ਸਤਿਗੁਰੂ ਜੀ ਨੇ ਆਪਣੇ ਆਪ ਨੂੰ ਨ ਜਾਣਾਂਦਿਆਂ ਹੋਇਆਂ ਕਿਹਾ, ਸੁਣਿਆ ਤੇ ਮੈਂ ਵੀ ਹੈ । ਆਉ ਮੈਂ ਤੁਹਾਨੂੰ ਉਸਦੇ ਘਰ ਲੈ ਚਲਦਾ ਹਾਂ ਸਤਿਗੁਰੂ ਜੀ ਅਗੇ ਅਗੇ ਟੁਰ ਪਏ ਅਤੇ ਮੰਗਲ ਸਿੰਘ ਅਪਣੇ ਸਾਥੀਆਂ ਸਮੇਤ ਘੋੜਿਆਂ ਤੇ ਸਵਾਰ ਪਿਛੇ ਪਿਛੇ । ਡੇਰੇ ਪਹੁੰਚ ਕੇ, ਸਤਿਗੁਰੂ ਜੀ ਡੇਰੇ ਦੇ ਸੇਵਕਾਂ ਨੂੰ ਇਸ ਨਵੇਂ ਆਏ ਜਥੇ ਦੀ ਲੰਗਰ ਪਾਣੀ ਦੀ ਚੰਗੀ ਤਰ੍ਹਾਂ ਸੇਵਾ ਕਰਨ ਵਾਸਤੇ ਹੁਕਮ ਕਰਕੇ, ਆਪ ਬਾਹਰ ਚਲੇ ਗਏ । ਸੇਵਕਾਂ ਨੇ ਜਥੇ ਵਾਸਤੇ ਮੰਜੇ ਡਾਹ ਦਿੱਤੇ ਅਤੇ ਘੋੜੇ ਘੋੜੀਆਂ ਨੂੰ ਤਬੇਲੇ ਵਿਚ ਬੰਨ੍ਹ ਦਿੱਤਾ । ਸਾਰੇ ਜਥੇ ਦੀ ਲੰਗਰ ਪਾਣੀ ਛਕਾ ਕੇ ਚੰਗੀ ਤਰ੍ਹਾਂ ਸੇਵਾ ਕੀਤੀ । ਘੋੜੇ ਘੋੜੀਆਂ ਨੂੰ ਘਾਹ ਪੱਠਾ ਪਾਇਆ ਅਤੇ ਪਾਣੀ ਛਕਾਇਆ । ਇਨ੍ਹਾਂ ਸਰਦਾਰਾਂ ਨੇ ਵੇਖਿਆ ਕਿ ਡੇਰੇ ਦੇ ਸੇਵਕ ਨਾਲੇ ਗੁਰਬਾਣੀ ਦਾ ਪਾਠ ਕਰਦੇ ਹਨ ਅਤੇ ਨਾਲੋਂ ਨਾਲ ਸੇਵਾ ਵੀ ਕਰੀ ਜਾਂਦੇ ਹਨ, ਕਈ ਸੇਵਕ ਇਕ ਹੱਥ ਨਾਲ ਮਾਲਾ ਫੇਰੀ ਜਾਂਦੇ ਹਨ ਅਤੇ ਇਕ ਹੱਥ ਨਾਲ ਸੇਵਾ ਕਰੀ ਜਾਂਦੇ ਹਨ, ਬਹੁਤ ਪ੍ਰਭਾਵਤ ਹੋਏ

Sri Satguru Jagjit Singh Ji Elibrary NamdhariElibrary@gmail.com

ਸੋਚਣ ਲਗੇ ਕਿ ਜਿਸ ਦੇ ਸੇਵਕ ਹੀ ਇੰਨਾ ਭਜਨ ਕਰਦੇ ਹਨ, ਬਾਣੀ ਪੜ੍ਹਦੇ ਹਨ ਅਤੇ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ, ਉਹ ਆਪ ਕਿਹੋ ਜੇਹਾ ਹੋਵੇਗਾ ! ਰਾਤ ਨੂੰ ਉਨ੍ਹਾਂ ਮੰਜਿਆਂ ਉੱਤੇ ਹੀ ਬਿਰਾਜ ਗਏ । ਉਥੇ ਸੁੱਤਿਆਂ ਹੀ ਸ੍ਰ: ਮੰਗਲ ਸਿੰਘ ਨੇ ਸੁਪਨੇ ਵਿਚ ਵੇਖਿਆ ਕਿ ਤੇਜਸ੍ਵੀ ਮੂਰਤੀ ਆਕਾਸ਼ੋਂ ਉਤਰ ਰਹੀ ਹੈ, ਸਾਰੇ ਦੇਵੀ ਦੇਵਤੇ ਆਦਰ ਸਹਿਤ ਸਿਰ ਝੁਕਾ ਕੇ ਦੋਵੇਂ ਹੱਥ ਜੋੜ ਕੇ ਉਸ ਮੂਰਤੀ ਦਾ ਸਤਿਕਾਰ ਕਰਦੇ ਹੋਏ ਜੈ, ਜੈ ਆਖ ਰਹੇ ਹਨ। ਇਹ ਸੁਪਨੇ ਵਿਚ ਵੇਖੀ ਮੂਰਤੀ ਬਿਲਕੁਲ ਉਸ ਮੂਰਤੀ ਵਾਂਗੂ ਹੀ ਸੀ ਜਿਸ ਦੇ ਦਰਸ਼ਨ ਪਿੰਡ ਵੜਦਿਆਂ ਸਾਰ ਹੋਏ ਸਨ।

ਅਗਲੇ ਦਿਨ ਪਿਛਲੇ ਪਹਿਰ ਦਾ ਦੀਵਾਨ ਸਜਿਆ ਹੋਇਆ ਸੀ ਰਾਗੀ ਸਿੰਘ ਕੀਰਤਨ ਕਰ ਰਹੇ ਸਨ, ਰਾਗੀਆਂ ਦੇ ਸਾਮ੍ਹਣੇ ਕੁਝ ਜਗ੍ਹਾ ਛੱਡ ਕੇ ਆਸਣ ਉਤੇ ਸ੍ਰੀ ਸਤਿਗੁਰੂ ਜੀ ਚੌਂਕੜਾ ਮਾਰੀ ਬੈਠੇ ਸਨ, ਚਿਹਰੇ ਦਾ ਨੂਰ ਝਲਿਆ ਨਹੀਂ ਸੀ ਜਾਂਦਾ। ਸੇਵਕਾਂ ਦੇ ਕਹਿਣ ਤੇ ਸ੍ਰ: ਮੰਗਲ ਸਿੰਘ ਅਤੇ ਉਸਦੇ ਸਾਥੀ ਦੀਵਾਨ ਸ੍ਥਾਨ ਤੇ ਆਏ । ਦੂਰੋਂ ਹੀ ਦਰਸ਼ਨ ਕਰਦਿਆਂ ਸਾਰ ਸ੍ਰ: ਜੀ ਇਕ ਗਹਿਰੀ ਸੋਚੀਂ ਪੈ ਗਏ ਸੋਚਣ ਲਗੇ

**ਹੈਂ ! ਇਹ ਤਾਂ ਉਹੀ ਮੂਰਤੀ ਹੈ ਜਿਸ ਅਗੇ ਰਾਤ ਨੂੰ ਸੁਪਨੇ ਵਿਚ ਹਜ਼ਾਰਾਂ ਦੇਵੀ ਦੇਵਤੇ ਹੱਥ ਜੋੜੀ ਵੇਖਿਆ ਸੀ ।**

**ਹੈਂ। ਇਹ ਤਾਂ ਉਹੀ ਮੂਰਤੀ ਹੈ ਜਿਸ ਦੇ ਦਰਸ਼ਨ ਪਿੰਡ ਵਿਚ ਵੜਦਿਆਂ ਸਾਰ ਹੋਏ ਸਨ ।**

ਫਿਰ ਯਾਦ ਆਇਆ **ਉਫ ! ਇਹ ਤਾਂ ਮੇਰੀ ਉਹ ਧਾਰਨਾ ਪੂਰੀ ਹੋਈ ਸੀ ਜਿਹੜੀ ਮੈਂ ਧਾਰੀ ਸੀ ਕਿ ਮੈਂ ਸੱਚਾ ਗੁਰੂ ਤਾਂ ਮੰਨਾਂਗਾ ਜੋ ਪਿੰਡ ਵਿਚ ਵੜਦਿਆਂ ਸਾਰ ਅਗੋਂ ਆ ਕੇ ਮਿਲੇਗਾ**

ਮਥਾ ਟੇਕਣ ਵਾਲਿਆਂ ਦੀ ਲਾਈਨ ਵਿਚ ਅਪਣੀ ਵਾਰੀ ਦੀ ਉਡੀਕ ਵਿਚ ਦੂਰ ਖੜੇ ਸ੍ਰ: ਜੀ ਕੁਝ ਸੋਚਾਂ ਸੋਚ ਹੀ ਰਹੇ ਸਨ ਕਿ ਸ੍ਰੀ ਸਤਿਗੁਰੂ ਜੀ ਨੇ ਸ੍ਰ: ਜੀ ਵਲ **ਯਕ ਨਿਗਾਹ ਜਾਂ ਫਜ਼ਾਇਟ** ਵਾਲੀ ਨਿਗਾਹ ਨਾਲ ਵੇਖਿਆ ਨਿਗਾਹ ਪੈਂਦਿਆਂ ਸਾਰ ਹੀ ਪਤਾ ਨਹੀਂ ਕੀ ਵਲਵਲਾ ਉਠਿਆ ਕਿ ਸ੍ਰ: ਜੀ ਸੰਗਤ ਦੀ ਭੀੜ ਨੂੰ ਚੀਰ ਕੇ ਸਤਿਗੁਰੂ ਜੀ ਦੇ ਆਸਣ ਦੇ ਸਾਮ੍ਹਣੇ

Sri Satguru Jagjit Singh Ji Elibrary NamdhariElibrary@gmail.com

ਧੜੰਮ ਕਰਕੇ ਜਾ ਡਿੱਗੇ । ਮਿਠ ਬੋਲੜੇ ਸੁਆਮੀ ਜੀ ਨੇ ਅੰਮ੍ਰਿਤ ਭਰੇ ਸ਼ਬਦਾਂ ਵਿਚ ਕਹਿਆ ਕਿ ਸੂ: ਜੀ ਮੈਂ ਤਾਂ ਇਕ ਤਰਖਾਣ ਹਾਂ, ਤੁਸੀਂ ਸਰ ਹੋ ਕੇ ਐਵੇਂ ਇਥੇ ਲੇਟ ਕੇ ਅਪਣੇ ਕੀਮਤੀ ਬਸਤ੍ਰ ਮੈਲੇ ਕਿਉਂ ਕਰਦੇ ਹੋ ?

ਸਤਿਗੁਰੂ ਜੀ ਦੇ ਕਹੇ ਹੋਇ ਇਹ ਬਚਨ ਕੋਈ ਬਚਨ ਸਨ ਜਾਂ ਅਣੀਆਲੇ ਤੀਰ ! ਸੁਣਦਿਆਂ ਸਾਰ ਹੀ ਸੂ: ਜੀ ਦਾ ਹਿਰਦਾ ਵਿੰਨ੍ਹਿਆ ਗਿਆ

**ਕਬੀਰ ਸਤਿਗੁਰ ਸੂਰਮੇ, ਬਾਹਿਆ ਬਾਨੁ ਜੁ ਏਕੁ ।**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕ ।**

ਸੂ: ਜੀ ਕਿੰਨਾ ਹੀ ਚਿਰ ਉਥੇ ਮਸਤੀ ਵਿਚ ਲੇਟਦੇ ਰਹੇ ਫਿਰ ਦੀਵਾਨ ਦੀ ਸਮਾਪਤੀ ਉਪ੍ਰੰਤ ਜਦੋਂ ਕਈਆਂ ਸਿਖਾਂ ਨੇ ਅਪਣੀਆਂ ਅਰਜ਼ਾਂ ਕੀਤੀਆਂ ਅਤੇ ਅਪਣੀਆਂ ਭੁਲਾਂ ਬਖਸ਼ਵਾਈਆਂ ਤਾਂ ਇਹ ਸੂ: ਜੀ ਵੀ ਦੋਵੇਂ ਹੱਥ ਜੋੜ ਕੇ ਖੜੋ ਗਏ

**ਹਉ ਅਪਰਾਧੀ, ਗੁਨਹਗਾਰ, ਹਉ ਬੇਮੁਖੁ ਬੰਦਾ ।**
**ਚੋਰ, ਯਾਰੁ, ਜੁਆਰਿ ਹਉ, ਪਰ ਘਰਿ ਜੋਹੰਦਾ ।**
**ਨਿੰਦਕੁ ਦੁਸਟੁ, ਹਰਾਮਖੋਰੁ, ਠਗੁ ਦੇਸ ਠਗੰਦ**
**ਕਾਮੁ ਕ੍ਰੋਧ ਮਦੁ ਲੋਭ ਮੋਹੁ ਅਹੰਕਾਰ ਕਰੰਦ**

ਸਤਿਗੁਰ ਜੀ ਨੇ ਪਾਸ ਬੈਠੇ ਹੋਇ ਸੂਬੇ ਨੂੰ ਸਰਦਾਰ ਜੀ ਨੂੰ ਭਜਨ ਦੇਣ ਦਾ ਹੁਕਮ ਕੀ: ਸੂਬੇ ਜੀ ਤੋਂ ਭਜਨ ਦੇਣ ਦੀ ਦੇਰ ਸੀ ਕਿ ਸਰਦਾਰ ਜੀ ਮਸਤੀ ਵਿਚ ਧੜੰਮ ਕਰਕੇ ਡਿੱਗ ਪਏ ਅਤੇ ਇਸੇ ਮਸਤੀ ਦੀ ਹਾਲਤ ਵਿਚ ਹੀ ਉਨ੍ਹਾਂ ਨੂੰ ਚੁਕਾ ਕੇ ਡੇਰੇ ਪਹੁੰਚਾਇਆ ਗਿਆ ।

ਅਗਲੀ ਸਵੇਰ ਸਣੇ ਕੇਸੀ ਇਸ਼ਨਾਨ ਕਰਕੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਵਿਚ ਹਾਜ਼ਰ ਹੋਏ । ਅਪਣੇ ਪਾਏ ਹੋਇ ਕੈਂਠੇ, ਕੜੇ ਆਦਿ ਲਾਹ ਕੇ ਅਪਣੀ ਚੀਨੀ ਘੋੜੀ ਸਮੇਤ ਸਭ ਕੁਝ ਸਤਿਗੁਰਾਂ ਨੂੰ ਮਥਾ ਟੇਕ ਦਿੱਤਾ ਅਤੇ ਸਿਖੀ ਦਾਨ ਲੈ ਕੇ ਅਪਣੇ ਘਰ ਨੂੰ ਚਾਲੇ ਪਾ ਦਿੱਤੇ

ਸਰਦਾਰ ਜੀ ਨੂੰ ਐਸਾ ਮਜੀਠੀ ਰੰਗ ਚੜ੍ਹਿਆ ਕਿ ਘਰ ਪਹੁੰਚ ਕੇ ਬਕਰਿਆਂ ਦੀਆਂ ਰੱਸੀਆਂ ਖੋਲ੍ਹ ਦਿੱਤੀਆਂ । ਕੁਕੜ ਕੁਕੜੀਆਂ ਅਤੇ ਹੋਰ ਸਾਰੇ ਜਾਨਵਰ ਅਜ਼ਾਦ ਕਰ ਦਿੱਤੇ । ਸ਼ਰਾਬ ਦੇ ਲਾਹਣ ਡੋਲ੍ਹ ਦਿਤੇ

Sri Satguru Jagjit Singh Ji Elibrary NamdhariElibrary@gmail.com

ਘਰ ਨੂੰ ਚੰਗੀ ਤਰਾਂ ਸਾਫ ਕਰਵਾਇਆ, ਘਰ ਵਿਚ ਐਸੀ ਤਬਦੀਲੀ ਹੋਈ ਕਿ ਜਿਥੇ ਪਹਿਲਾਂ ਚੋਰਾਂ ਡਾਕੂਆਂ ਅਤੇ ਬਦਮਾਸ਼ਾਂ ਵਾਸਤੇ ਸ਼ਰਾਬ ਦੇ ਲਾਹਣ ਅਤੇ ਕਈ ਪਰਕਾਰ ਦੇ ਮਾਸ ਤਿਆਰ ਹੁੰਦੇ ਸਨ ਅਤੇ ਗੰਦੇ ਗੰਦੇ ਗੀਤ ਗਾਏ ਜਾਂਦੇ ਸਨ ਉਥੇ ਸਾਧੂ ਸੰਤ ਇਕੱਠੇ ਹੋ ਕੇ ਢੋਲਕੀ ਛੈਣਿਆਂ ਨਾਲ ਹਰਿ ਕੀਰਤਨ ਕਰਦੇ ਅਤੇ ਕੜਾਹ ਪ੍ਰਸਾਦ ਅਤੇ ਹੋਰ ਕਈ ਪਰਕਾਰ ਦੇ ਸ਼ਾਕਾਹਾਰੀ ਭੋਜਨ ਸਾਧ ਸੰਗਤ ਨੂੰ ਛਕਾਏ ਜਾਂਦੇ। ਐਸਾ ਪਰਤੀਤ ਹੁੰਦਾ ਸੀ ਜਿਵੇਂ ਕਲਜੁਗ ਅਪਣੀ ਸੈਨਾ ਸਮੇਤ ਕੂਚ ਕਰ ਗਿਆ ਹੈ ਅਤੇ ਸਤਿਜੁਗ ਆ ਗਿਆ ਹੈ

**ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ ।**
**ਠੱਗੀ ਤਜਿ, ਥੀਏ ਸੰਤ, ਸਤਿਜੁਗ ਆ ਗਿਓ ॥**

**ਖਤਰਾਵਾਂ** ਨਗਰ ਦੇ ਸ੍ਰ: ਹਿੰਮਤ ਸਿੰਘ ਜੱਟ ਦੇ ਛੇ ਪੁੱਤਰ ਸਨ। ਛੀਏ ਹੀ ਅਪਣੇ ਇਲਾਕੇ ਵਿਚ ਮੰਨੇ ਪ੍ਰਮੰਨੇ ਡਾਕੂ ਅਥਵਾ ਬਦਮਾਸ਼ ਸਨ। ਆਮ ਲੋਕਾਂ ਦੀ ਗਲ ਛੱਡੋ ਉਹ ਤਾਂ ਸਾਧੂਆਂ ਸੰਤਾਂ ਨੂੰ ਟਿਕਚਰਾਂ ਕਰਨੋ ਸੰਕੋਚ ਨਹੀਂ ਸਨ ਕਰਦੇ। ਸ਼ਰਾਬ ਪੀਣੀ ਮਾਸ ਖਾਣਾ ਅਤੇ ਹੋਰ ਕਈ ਐਬਾਂ ਦੇ ਸ਼ਿਕਾਰ ਸਨ। ਧਾਰਮਕ ਮੇਲਿਆਂ ਤੇ ਵੀ ਇਹ ਗਾਲ੍ਹਾਂ ਦਿੰਦੇ ਮੋਢੇ ਮਾਰਦੇ ਅਤੇ ਚਾਂਗਰਾਂ ਛਡਦੇ ਸਨ।

ਇਕ ਵੇਰ ਦੌਰਾ ਕਰਦੇ ਕਰਦੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਇਨ੍ਹਾਂ ਦੇ ਨਗਰ ਚਰਨ ਪਾਏ ਸਨ ਅਤੇ ਇਕ ਖੁਲ੍ਹੇ ਪੰਡਾਲ ਵਿਚ ਦੀਵਾਨ ਵੀ ਲਗਾ ਸੀ। ਦੀਵਾਨ ਦਾ ਹਾਲੀ ਭੋਗ ਨਹੀਂ ਸੀ ਪਿਆ ਕਿ ਇਹ ਦੇਵ ਕੱਦ ਛੀਏ ਭਰਾ ਅਪਣੇ ਸਾਥੀਆਂ ਸਮੇਤ ਸ਼ਰਾਬ ਪੀ ਕੇ ਹੱਥਾਂ ਵਿਚ ਲੰਮੀਆਂ ਲੰਮੀਆਂ ਡਾਂਗਾਂ ਫੜੀ ਬੋਲੀਆਂ ਪਾਉਂਦੇ ਹੋਏ ਦੀਵਾਨ ਸਥਾਨ ਤੇ ਪਹੁੰਚ ਗਏ। ਜਾਂਦਿਆਂ ਸਾਰ ਊਟ ਪਟਾਂਗ ਬਕਣ ਲਗ ਪਏ। ਸਤਿਗੁਰ ਸੂਰਮੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਅਪਣੇ ਨੇਤਰ ਉਤਾਂਹ ਕਰਕੇ ਇਕ ਅਲੌਕਕ ਤਕਣੀ ਨਾਲ ਤਕਦਿਆਂ ਛੀਆਂ ਦੇ ਨਾਮ ਲੈ ਕੇ ਅੰਮ੍ਰਿਤ ਭਰੇ ਬਚਨਾਂ ਨਾਲ ਆਖਿਆ ਕਿ ਭਾਈ ਖੁਸ਼ਹਾਲ ਸਿੰਘਾ, ਦੇਵਾ ਸਿੰਘਾ ..... । ਤੁਸੀਂ ਅਪਣਾ ਹੀਰੇ ਜੈਸਾ ਜਨਮ ਬੇਅਰਥ ਨ ਗਵਾਓ। ਜਨਮ ਸੁਫਲ ਕਰਨ ਵਾਸਤੇ ਨਾਮ ਜਪੋ ਅਤੇ ਬਾਣੀ ਪੜ੍ਹੋ, ਭਾਈ

**ਭਈ ਪਰਾਪਤਿ ਮਾਨੁਖ ਦੇਹੁਰੀਆ ।**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ।**

ਸਿੱਖੋ ਯਾਦ ਰਖੋ

## ਅਵਰਿ ਕਾਜ ਤੇਰੈ ਕਿਤੈ ਨ ਕਾਮ ।
## ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ।

ਪਤਾ ਨਹੀਂ ਕਿ ਸ੍ਰੀ ਸਤਿਗੁਰ ਜੀ ਦੇ ਚਰਨਾਂ ਵਿਚ ਕੀ ਜਾਦੂ ਸੀ ਕਿ ਸਤਿਗੁਰ ਜੀ ਦੇ ਚਰਨ ਕਰਦਿਆਂ ਸਾਰ ਹੀ ਇਹ ਛੀਏ ਭਰਾ ਧਰਤੀ ਤੇ ਧੜੰਮ ਕਰਕੇ ਡਿੱਗ ਪਏ ਅਤੇ ਮਸਤੀ ਦੀ ਹਾਲਤ ਵਿਚ ਮੂੰਹੋਂ ਇਹ ਹੀ ਆਖੀ ਜਾਣ :-

## ਬਖਸ਼, ਦਾਤਾ ਬਖਸ਼

ਸਤਿਗੁਰੂ ਜੀ ਨੇ ਹੁਕਮ ਕਰਕੇ ਮਸਤੀ ਦੀ ਹਾਲਤ ਵਿਚ ਹੀ ਭਜਨ ਦਿਵਾ ਦਿੱਤਾ। ਹੱਲੀ ਮਸਤੀ ਵਿਚ ਬੇਹੋਸ਼ ਹੀ ਸਨ ਕਿ ਉਨ੍ਹਾਂ ਨੂੰ ਗੱਡਿਆਂ ਵਿਚ ਪਾ ਕੇ ਘਰ ਭਜਵਾ ਦਿੱਤਾ ਗਿਆ। ਭਜਨ ਦਾ ਐਸਾ ਰੰਗ ਚੜ੍ਹਿਆ ਕਿ ਹੋਸ਼ ਆਉਂਦਿਆਂ ਸਾਰ ਸ਼ਰਾਬ ਦੇ ਲਾਹਣ ਨਾਲੀਆਂ ਵਿਚ ਡੋਲ੍ਹ ਦਿੱਤੇ। ਬਕਰਿਆਂ ਦੀਆਂ ਰੱਸੀਆਂ ਖੋਲ ਕੇ ਆਜ਼ਾਦ ਕਰ ਦਿੱਤੇ। ਘਰ ਦੀ ਚੰਗੀ ਤਰ੍ਹਾਂ ਸਫਾਈ ਕਰਵਾਈ। ਅੰਮ੍ਰਿਤ ਛੱਕ ਕੇ ਨਾਮਧਾਰੀ ਸਜ ਗਏ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਪ੍ਰਸੰਨ ਹੋ ਕੇ ਸ੍ਰ: ਖੁਸ਼ਹਾਲ ਸਿੰਘ ਨੂੰ ਉਸ ਇਲਾਕੇ ਦਾ ਸੂਬਾ ਥਾਪ ਦਿੱਤਾ।

**ਪਿੰਡ ਰੁਪਾਣੇ** ਦੇ ਰਹਿਣ ਵਾਲਾ ਸ੍ਰ: ਉਤਮ ਸਿੰਘ ਨੰਬਰਦਾਰ ਸੀ। ਬੜੇ ਐਬਾਂ ਦਾ ਸ਼ਿਕਾਰ ਸੀ। ਜਦੋਂ ਉਸਦੇ ਭਾਗ ਜਾਗੇ ਉਹ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਸ਼ਰਨ ਆ ਗਿਆ। ਜਦੋਂ ਸ੍ਰੀ ਸਤਿਗੁਰੂ ਜੀ ਨੇ ਭਜਨ ਦਿਵਾਇਆ ਸੀ ਉਦੋਂ ਉਹਨੂੰ ਸਤਿਗੁਰੂ ਜੀ ਨੇ ਗੁਰਮਤ ਸਮਝਾਂਦਿਆਂ ਇਹ ਵੀ ਹੁਕਮ ਕੀਤਾ ਸੀ ਕਿ ਅਗੇ ਤੋਂ ਕੁਸੰਗਤ ਕੋਲੋਂ ਬਚ ਕੇ ਰਹਿਣਾ। ਉਤਮ ਸਿੰਘ ਨੇ ਉਦੋਂ ਤਾਂ ਸਤਿ ਬਚਨ ਕਹਿ ਦਿੱਤਾ ਸੀ ਪਰ ਅਪਣੀ ਚੰਡਾਲ ਚੌਕੜੀ ਦੀ ਸੰਗਤ ਕਰਦਾ ਹੀ ਰਿਹਾ। ਕੁਸੰਗਤ ਦਾ ਅਸਰ ਹੋਇਆ ਕਿ ਉਹ ਖੂਨ ਦੇ ਮੁਕੱਦਮੇ ਵਿਚ ਫਸ ਗਿਆ ਅਤੇ ਸਾਥੀਆਂ ਸਮੇਤ ਜੇਲ੍ਹ ਵਿਚ ਦਿੱਤਾ ਗਿਆ। ਕਹਿੰਦੇ ਹਨ ਕਿ ਅਉਖੇ ਵੇਲੇ ਰਬ ਅਥਵਾ ਸਤਿਗੁਰੂ ਬਹੁਤਾ ਯਾਦ ਆਉਂਦਾ ਹੈ ਕਿਉਂਜੋ

## ਸਤਿਗੁਰ ਉਥੇ ਚਾਹੀਦਾ ਜਿਥੇ ਅਉਖੀ ਬਣਦੀ ਭੀੜ

ਉਤਮ ਸਿੰਘ ਹੁਣ ਸਤਿਗੁਰੂ ਜੀ ਦੇ ਬਚਨ ਨ ਮੰਨਣ ਕਰਕੇ ਬਹੁਤ ਪਛੁਤਾਉਣ ਲਗਾ ਅਤੇ ਦਿਨੇ ਰਾਤ ਬਖਸ਼ਸ਼ ਵਾਸਤੇ ਅਰਦਾਸਾਂ ਕਰਦਾ ਰਹਿੰਦਾ ਕਵੀ ਸੰਤ ਸੇਵਾ ਸਿੰਘ ਜੀ ਉਸ ਬਾਰੇ ਇਸ ਤਰ੍ਹਾਂ ਲਿਖਦੇ ਹਨ

ਉਤਮ ਸਿੰਘ ਵੀ ਅਜ ਕੁਰਲਾ ਰਹਿਆ
ਵਡ ਪਰਤਾਪੀ ਜੀ ਹੁਣ ਤੇ ਆਓ ਦਾਤਾ ।
ਮੈਂ ਹਾਂ ਭੁਲਿਆ ਰੁਲਿਆ ਖਾਕ ਅੰਦਰ
ਮੈਨੂੰ ਹੋਰ ਨ ਹੁਣ ਅਜ਼ਮਾਓ ਦਾਤਾ ।
ਲੇਖੇ ਕੀਤਿਆਂ ਮੇਰਾ ਨਹੀ ਥਾਂ ਕੋਈ
ਮੇਰੇ ਅਵਗੁਣ ਨ ਮਨ ਤੇ ਲਿਆਓ ਦਾਤਾ ।
ਬਿਨਾਂ ਆਪ ਦੇ ਆਸਰਾ ਹੋਰ ਕੋਈ ਨਹੀ
ਮੈਨੂੰ ਡੁੱਬ ਰਹੇ ਨੂੰ ਬੰਨੇ ਲਾਓ ਦਾਤਾ ।

ਬਾਰ ਬਾਰ ਇਹ ਬੇਨਤੀ ਕਰਦਾ ਸੀ

**ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ।**

ਹੇ ਗੁਰੂ ਜੀ **ਰਾਖਿ ਲੇਹ ਹਮ ਤੇ ਬਿਗਾਰੀ ।**

ਹੇ ਗ੍ਰੀਬ ਨਿਵਾਜ ਸੱਚੇ ਪਾਤਿਸ਼ਾਹ ਜੀ ।

**ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥**
**ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥**

ਹੇ ਸਤਿਗੁਰੂ ਜੀ **ਕੁਟਿਲ ਕਠੋਰ ਕਪਟ ਕਾਮੀ ॥**
**ਜਿਉ ਜਾਨਹਿ ਤਿਉ ਤਾਰਿ ਸੁਆਮੀ ॥**

ਹੇ ਬੰਦੀਛੋੜ **ਗਰਤ ਘੋਰ ਅੰਧ ਤੇ ਕਾਢਹੁ ।**
**ਪ੍ਰਭ ਨਾਨਕ ਨਦਰਿ ਨਿਹਾਰਿ ।**

ਜਦੋਂ ਇਸ ਤਰ੍ਹਾਂ ਨਿਰਮਾਨ ਹੋ ਕੇ ਬੇਨਤੀਆਂ ਕੀਤੀਆਂ ਤਾਂ
"ਅਵਗੁਣ ਕੀਤੇ ਹਰਿ ਨ ਚਿਤਾਰੇ" ਅਨੁਸਾਰ
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਹੋਲੇ ਮਹਲੇ ਤੋਂ ਕੁਝ ਦਿਨ ਪਹਿਲਾਂ

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਸਬਜ਼ ਘੋੜੇ ਤੇ ਹੋ ਅਸਵਾਰ ਸਤਿਗੁਰ, ਉਤਮ ਸਿੰਘ ਨੂੰ ਦਰਸ ਦਖਾ ਗਏ ਨੇ ।
ਤੈਨੂੰ ਸੰਧਵੀਂ ਹੋਲਾ ਵਖਾਲਣਾ ਏ, ਚੰਗੀ ਤਰ੍ਹਾਂ ਇਹ ਪੱਕ ਪਕਾ ਗਏ ਨੇ ।
ਡੁਬਾ ਸਿਖ ਸੀ ਗਮਾਂ ਦੇ ਸਾਗਰਾਂ ਵਿਚ, ਪਾਰ ਕਰਨ ਦੇ ਲਈ ਚੱਪੂ ਲਾ ਗਏ ਨੇ ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਤਾਂ ਉਂਞ ਹੀ

## ਸਤਿਗੁਰ ਦਰਸਨਿ ਅਗਨਿ ਨਿਵਾਰੀ

ਹੁੰਦੇ ਹਨ ਪਰ ਜਦੋਂ ਕਿਸੇ ਨੂੰ ਔਕੜ ਵੇਲੇ ਦਰਸਨ ਹੋਣ ਤਾਂ ਫਿਰ ਦਰਸ਼ਨਾਂ ਦੀ ਕਦਰ ਉਹ ਹੀ ਜਾਣਦਾ ਹੈ । ਜ਼ਰਾ ਸੋਚੋ ਕਿ ਖੂਨ ਦੇ ਮੁਕੱਦਮੇ ਵਿਚ ਜੇਲ੍ਹ ਵਿਚ ਦਿੱਤੇ ਹੋਏ ਨੂੰ ਜੇਲ੍ਹ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦਰਸ਼ਨ ਦੇ ਗਏ ਹੋਣ ਅਤੇ ਨਾਲ ਹੀ ਰਿਹਾਈ ਦਾ ਵੀ ਇਸ਼ਾਰਾ ਕਰ ਗਏ ਹੋਣ, ਤਾਂ ਉਤਮ ਸਿੰਘ ਖੁਸ਼ ਕਿਉਂ ਨ ਹੋਵੇ ? ਬੜਾ ਖੁਸ਼ ਹੋਇਆ ਅਤੇ ਆਪਣੇ ਕੈਦੀ ਸਾਥੀਆਂ ਨੂੰ ਸਤਿਗੁਰੂ ਜੀ ਦੇ ਦਰਸ਼ਨ ਦੇਣ ਦੀ ਸਾਖੀ ਸੁਣਾਈ । ਸਾਥੀ ਸੁਣ ਕੇ ਬੜੇ ਝੂਰਨ ਲਗੇ ਅਤੇ ਉਤਮ ਸਿੰਘ ਦੇ ਚਰਣ ਫੜ ਕੇ ਮਿੰਨਤਾਂ ਕਰਨ ਲਗੇ ਕਿ ਸਾਡੀ ਬੰਦ ਖਲਾਸੀ ਲਈ ਵੀ ਸਤਿਗੁਰੂ ਜੀ ਅੱਗੇ ਅਰਦਾਸ ਕਰ । ਉਤਮ ਸਿੰਘ ਨੇ ਆਪ ਸਭ ਨੂੰ ਭਜਨ ਦਿੱਤਾ ਅਤੇ ਕਿਹਾ ਕਿ ਭਜਨ ਕਰੋ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਅਗੇ ਸ਼ਰਧਾ ਧਾਰ ਕੇ ਅਤੇ ਨਿਸਚਾ ਧਾਰ ਕੇ ਅਰਦਾਸ ਕਰਦੇ ਰਹੋ ਸਤਿਗੁਰ ਇਕੱਲੇ ਉਤਮ ਸਿੰਘ ਦਾ ਨਹੀਂ, ਜਿਹੜਾ ਵੀ ਉਸ ਨੂੰ ਧਿਆਵੇਗਾ ਉਸ ਦੇ ਹੀ ਕਾਰਜ ਰਾਸ ਕਰ ਦੇਵੇਗਾ

## ਸਤਿਗੁਰ ਸਿਖ ਕੇ ਬੰਧਨ ਕਾਟੈ

ਫਾਂਸੀ ਦੀ ਸਜ਼ਾ ਜਾਂ ਕੈਦ ਦੀ ਸਜ਼ਾ ਦਾ ਡਰ ਸਾਰਿਆਂ ਸਾਥੀਆਂ ਨੂੰ ਸੀ । ਇਸੇ ਡਰ ਕਰਕੇ ਸਾਰੇ ਦਿਨੇ ਰਾਤ ਭਜਨ ਕਰਨ ਲਗੇ ਅਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਗੇ ਅਰਦਾਸਾਂ ਕਰਨ ਲਗੇ

ਫਿਰ

**ਤਾ ਕਉ ਬਿਘਨੁ ਨ ਕੋਊ ਲਾਗੈ**

**ਜਾ ਕੀ ਪ੍ਰਭ ਆਗੈ ਅਰਦਾਸ**

ਅਥਵਾ

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ।**

**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ । ਸਭੋ ਭਜੈ ਆਸਰਾ, ਚੁਕੈ ਸਭੁ ਅਸਰਾਉ ।**

**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥**

Sri Satguru Jagjit Singh Ji Elibrary NamdhariElibrary@gmail.com

ਕਹਿੰਦੇ ਹਨ ਕਿ ਮਨ ਜਦੋਂ ਨਿਰਮਾਨ ਹੋ ਜਾਂਦਾ ਹੈ ਅਤੇ ਸਾਰਿਆਂ ਪਾਸਿਓਂ ਨਿਰਾਸ ਹੋ ਕੇ ਸਤਿਗੁਰੂ ਜੀ ਅਗੇ ਅਰਦਾਸ ਕਰਦਾ ਹੈ ਤਾਂ ਸਤਿਗੁਰੂ ਤਤ ਛਿਨ ਉਸਦੀ ਸਹਾਇਤਾ ਕਰਦੇ ਹਨ
ਫਿਰ

## ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ

ਇਨ੍ਹਾਂ ਕੈਦੀਆਂ ਦੀਆਂ ਅਰਦਾਸਾਂ ਦਾ ਅਸਰ ਸਮਝ ਲਓ ਜਾਂ ਸਤਿਗੁਰੂ ਜੀ ਦੀ ਅਪਣੀ ਬਖਸ਼ਸ਼ ਸਮਝ ਲਓ ਕਿ ਪੇਸ਼ੀ ਦੀ ਤਾਰੀਕ ਜਿਹੜੀ ਕਿ ਹੋਲੇ ਤੋਂ ਪਿਛੋਂ ਆਉਣੀ ਸੀ ਉਹ ਬਦਲ ਕੇ ਹੋਲੇ ਤੋਂ ਪਹਿਲੋਂ ਪੈ ਗਈ।
ਤਾਰੀਕ ਵਾਲੇ ਦਿਨ ਜੱਜ ਸਾਹਿਬ ਨੇ ਪਤਾ ਨਹੀਂ ਕੀ ਫੈਸਲਾ ਸੁਣਾਣਾ ਸੀ ਪਰ ਕਿਸੇ ਗੈਬੀ ਸ਼ਕਤੀ ਨੇ ਜੱਜ ਸਾਹਿਬ ਨੂੰ ਇਨ੍ਹਾਂ ਸਾਰਿਆਂ ਕੈਦੀਆਂ ਨੂੰ ਰਿਹਾ (ਬਰੀ) ਕਰਨ ਲਈ ਮਜਬੂਰ ਕਰ ਦਿੱਤਾ
ਇਹ ਸਾਰੇ ਕੈਦੀ ਰਿਹਾ ਹੋ ਕੇ ਸਿੱਧਾ ਸੰਧਵੀ ਨਗਰ ਹੋਲੇ ਤੇ ਪਹੁੰਚ ਗਏ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਬਖਸ਼ਸ਼ ਦਾ ਹੋਕਾ ਦਿੰਦੇ ਹੋਏ ਸਤਿਗੁਰੂ ਜੀ ਨੂੰ ਜਾ ਨਮਸਕਾਰ ਕੀਤੀ। ਇਹੀ ਕਹੀ ਜਾਣ

## ਕਾਟੇ ਕਸਟ ਪੂਰੇ ਗੁਰਦੇਵ

ਇਸਤਰ੍ਹਾਂ

## ਪ੍ਰਗਟ ਭਈ ਸਗਲੇ ਜੁਗ ਅੰਤਰਿ
## ਗੁਰ ਨਾਨਕ ਕੀ ਵਡਿਆਈ ॥

**ਅਜੀਤ ਸਿੰਘ** ਹੈ ਤਾਂ ਨਾਮਧਾਰੀ ਸੀ ਪਰ ਭੈੜੀ ਸੰਗਤ ਵਿਚ ਫਸ ਜਾਣ ਕਰ ਕੇ ਉਸਦੇ ਅਸਰ ਤੋਂ ਬਚ ਨ ਸਕਿਆ। ਉਹ ਬਚਦਾ ਵੀ ਕਿਸਤਰ੍ਹਾਂ ਜਦੋਂ

## ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ

ਇਸਦੇ ਪਿਤਾ ਰਸਾਲ ਸਿੰਘ ਨੇ ਸੇਠਾਂ ਦੀ ਜ਼ਮੀਨ ਦੇ ਕਾਰ ਮੁਖਤਿਆਰ ਸ: ਗੁਰਚਰਨ ਸਿੰਘ ਕੋਲੋਂ ਵਾਹੀ ਵਾਸਤੇ ਜ਼ਮੀਨ ਲਈ ਅਤੇ ਵਾਹੀ ਸ਼ੁਰੂ ਕਰ ਦਿੱਤੀ। ਇਨ੍ਹਾਂ ਨੇ ਜ਼ਮੀਨ ਦੀ ਗਰਦੌਰੀ ਅਪਣੇ ਨਾਂ ਕਰਵਾ ਲਈ। ਪਤਾ ਲਗਣ ਤੇ ਜਦੋਂ ਗੁਰੂ ਜੀ ਵਲੋਂ ਸ. ਅਵਤਾਰ ਸਿੰਘ ਨੇ ਕਬਜਾ ਲੈਣਾ ਚਾਹਿਆ ਤਾਂ ਰਸਾਲ ਸਿੰਘ ਅਜੀਤ ਸਿੰਘ ਮਰਨ ਮਾਰਨ ਤਕ ਤਿਆਰ ਹੋ ਗਏ। ਅਜੀਤ ਸਿੰਘ

Sri Satguru Jagjit Singh Ji Elibrary NamdhariElibrary@gmail.com

ਨੇ ਤਾਂ ਇਥੋਂ ਤਕ ਅੱਤ ਚੱਕ ਲਈ ਸੀ ਕਿ ਉਸ ਸਰਕਾਰੀ ਸ਼ਹਿ ਤੇ ਭੂਤੇ ਹੋਏ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੇ ਗੋਲੀ ਚਲਾਉਣ ਦਾ ਪੱਕਾ ਇਰਾਦਾ ਕਰ ਲਿਆ। ਇਸ ਕੰਮ ਲਈ ਉਸਨੇ ਅਪਣੇ ਇਕ ਫੌਜੀ ਮਿੱਤਰ ਨੂੰ ਅਪਣਾ ਸਾਥੀ ਬਣਾ ਲਿਆ। ਕਿਸੇ ਸਹੀਏ ਦੇ ਕਹਿਣ ਤੇ ਅਜੀਤ ਸਿੰਘ ਨੇ ਰਾਈਫਲ ਫੜ ਲਈ ਅਤੇ ਫੌਜੀ ਸਾਥੀ ਨੇ ਹੈਂਡਗ੍ਰੀਨੇਡ ਫੜ ਲਈ ਅਤੇ ਕਿਸੇ ਨਵੇਕਲੀ ਥਾਂ ਤੇ ਲੁਕ ਕੇ ਸਤਿਗੁਰੂ ਜੀ ਤੇ ਵਾਰ ਕਰਨ ਲਈ ਸਤਿਗੁਰੂ ਜੀ ਦੀ ਕਾਰ ਦੀ ਉਡੀਕ ਕਰਨ ਲਗੇ।

ਭਲਾ ਸੋਚੋ ਜਿਹੜਾ ਗੁਰੂ ਸਾਰੀ ਦੁਨੀਆਂ ਨੂੰ ਰਖ ਸਕਦਾ ਹੈ, ਉਹਨੂੰ ਕਉਣ ਮਾਰ ਸਕਦਾ ਹੈ? ਸਤਿਗੁਰੂ ਜੀ ਦੀ ਕਾਰ ਆਈ ਕੋਲੋਂ ਲੰਘ ਗਈ ਇਹ ਦੋਵੇਂ ਹੱਕੇ ਬੱਕੇ ਰਹਿ ਗਏ। ਇੰਨਾ ਕੁਝ ਵੇਖਕੇ ਵੀ ਮਨ ਨ ਪਤੀਜਿਆ। ਸਤਿਗੁਰਾਂ ਦੀ ਮਖਾਲਫਤ ਜਾਰੀ ਰਖੀ, ਨਿੰਦਿਆ ਚੁਗਲੀ ਕਰਦੇ ਰਹਿਣ ਸ੍ਰੀ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

## ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
## ਸੁ ਅਉਖਾ ਜਗ ਮਹਿ ਹੋਇਆ।

ਖੇਤ ਸਤਿਗੁਰ ਜੀ ਦੀ ਇਕ ਦਿਨ ਖੂਹ ਵਿਚੋਂ ਪੱਖਾ ਕੱਢ ਰਹੇ ਸਮੇ ਅਜੀਤ ਸਿੰਘ ਦੇ ਲੱਕ ਨੂੰ ਐਸੀ ਖਿਚ ਪਈ ਅਤੇ ਐਸੀ ਤਕਲੀਫ ਹੋਈ ਕਿ ਤਕਰੀਬਨ ਦੋ ਸਾਲ ਹਸਪਤਾਲਾਂ ਵਿਚੋਂ ਇਲਾਜ ਕਰਵਾਉਣ ਤੇ ਵੀ ਆਰਾਮ ਨ ਆਇਆ। ਤਕਲੀਫ ਵਧਦੀ ਗਈ, ਹੌਲੀ ਹੌਲੀ ਉਸਦਾ ਹੇਠਲਾ ਹਿੱਸਾ ਵੀ ਮਾਰਿਆ ਗਿਆ ਅਤੇ ਉਸਦੀਆਂ ਲੱਤਾਂ ਵੀ ਜਵਾਬ ਦੇ ਗਈਆਂ। ਉਸਨੂੰ ਤਕਲੀਫ ਹੋਣ ਕਰਕੇ ਉਸਦੇ ਰਿਸ਼ਤੇਦਾਰਾਂ ਨੂੰ ਬਹੁਤ ਚਿੰਤਾ ਹੋਈ

ਉਸ ਦੀ ਮਾਂ ਨੇ ਉਸਨੂੰ ਸਮਝਾਇਆ ਕਿ ਇਹ ਸਾਰਾ ਦੁਖ ਸਤਿਗੁਰੂ ਜੀ ਤੋਂ ਬੇਮੁਖ ਹੋਣ ਕਰਕੇ ਹੋ ਰਿਹਾ ਹੈ। ਤੂੰ ਕਦੀ ਕਦੀ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੈਂ। ਤੂੰ ਪੜ੍ਹਿਆ ਹੀ ਹੋਵੇਗਾ ਕਿ ਸੰਤਾਂ ਦੀ ਨਿੰਦਿਆ ਕਰਨ ਵਾਲੇ ਦਾ ਕੀ ਹਾਲ ਹੁੰਦਾ ਹੈ

## ਸੰਤ ਕੇ ਨਿੰਦਕ ਕਉ ਸਰਬ ਰੋਗ

ਤੂੰ ਆਪ ਹੀ ਸੋਚ ਜਦੋਂ ਸੰਤਾਂ ਦੀ ਨਿੰਦਿਆ ਕਰਨ ਵਾਲੇ ਦਾ ਇੰਨਾ ਬੁਰਾ ਹਾਲ ਹੁੰਦਾ ਹੈ ਤਾਂ ਫਿਰ ਸੰਤਾਂ ਦੇ ਬਣਾਉਣ ਵਾਲੇ ਸਤਿਗੁਰੂ ਜੀ ਦੀ ਨਿੰਦਿਆ ਕਰਨ ਵਾਲੇ ਦਾ ਕੀ ਹਾਲ ਹੋਵੇਗਾ? ਮੈਂ ਤੇਰੀ ਜਨਨੀ ਹਾਂ ਮੈਥੋਂ ਤੇਰਾ ਦੁਖ ਵੇਖਿਆ ਨਹੀ ਜਾਂਦਾ ਪਰ ਮੈਂ ਕਰ ਕੁਝ ਨਹੀ ਸਕਦੀ। ਮੈਂ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਅਗੇ ਅਰਦਾਸ ਹੀ ਕਰਦੀ ਹਾਂ ਕਿ ਸਾਨੂੰ

Sri Satguru Jagjit Singh Ji Elibrary NamdhariElibrary@gmail.com

ਸਾਰਿਆਂ ਨੂੰ ਸਮੱਤ ਬਖਸ਼ਣ । ਪੁੱਤਰ, ਤੂੰ ਸਾਰੇ ਪਾਸੇ ਵੇਖ ਹੀ ਲੈ ਹਨ

## ਮਤਾ ਮਸੂਰਤਿ ਅਵਰ ਸਿਆਨਪ ਜਨ ਕਉ ਕਛੂ ਨ ਆਇਓ ।

ਪੁੱਤਰ ਮੇਰੀ ਗਲ ਮੰਨ ਅਤੇ ਸਤਿਗੁਰੂ ਜੀ ਕੋਲੋਂ ਬਖਸਵਾ ਲੈ । ਸਤਿਗੁਰੂ ਜੀ ਨਿਰਵੈਰ ਹਨ ਅਤੇ ਸਦਾ ਬਖਸ਼ਿੰਦ ਹਨ ਉਹ ਸਾਡੇ ਔਗੁਣ ਨਹੀ ਵੇਖਦੇ

## ਅਵਗੁਣੁ ਕੀਤੇ ਹਰਿ ਨ ਚਿਤਾਰੇ

ਅਜੀਤ ਸਿੰਘ ਅਪਣੀ ਤਕਲੀਫ ਕਰਕੇ ਅਤੇ ਕੋਈ ਚਾਰਾ ਨ ਚਲਦਾ ਵੇਖਕੇ ਪਹਿਲਾਂ ਹੀ ਨਿਰਮਾਣ ਹੋ ਚੁਕਾ ਸੀ ਪਰ ਜਦੋਂ ਮਾਤਾ ਦੀ ਸ਼ੁਭ ਸਿਖਿਆ ਸੁਣੀ ਤਾਂ ਹੋਰ ਵੀ ਨਿਰਮਾਣ ਹੋ ਗਿਆ । ਉਸ ਦਾ ਮਨ ਕੀਤਾ ਕਿ ਮੈਂ ਹੁਣੇ ਹੀ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਕੇ ਅਪਣੇ ਕੀਤੇ ਹੋਇ ਕੁਕਰਮਾਂ ਦੀ ਖਿਮਾ ਮੰਗਾਂ ਪਰ ਸਰੀਰਕ ਹਾਲਤ ਕਰਕੇ ਨ ਕਰ ਸਕਿਆ । ਹਾਂ ਉਸਨੇ ਅਪਣੇ ਬਿਸਤਰੇ ਤੇ ਹੀ ਹਾਜ਼ਰਾਂ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਬਖਸ਼ਸ਼ ਵਾਸਤੇ ਅਰਦਾਸ ਕੀਤੀ

## ਹਮਰੇ ਅਵਗੁਣ ਬਹੁਤੁ ਬਹੁਤੁ ਹੈ
## ਬਹੁ ਬਾਰ ਬਾਰ ਹਰਿ ਗਣਤ ਨ ਆਵੈ
## ਤੂੰ ਗੁਣਵੰਤਾ ਹਰਿ ਹਰਿ ਦਇਆਲੁ
## ਹਰਿ ਆਪੇ ਬਖਸਿ ਲੈਹਿ ਹਰਿ ਭਾਵੈ

ਹੇ ਗੁਰੂ ਜੀ

ਹਮਰੀ ਗਣਤ ਨ ਗਣੀਆ ਕਾਈ, ਅਪਣਾ ਬਿਰਦੁ ਪਛਾਣਿ ।

ਹੇ ਗ਼ਰੀਬ ਨਿਵਾਜ

ਭੂਲ ਛਿਮੋ ਹਮਰੀ ਪ੍ਰਭ ਆਪਨ, ਭੂਲਣਹਾਰ ਕਹੂੰ ਕੋਊ ਮੋ ਸੋ ।

ਸਤਿਗੁਰੂ ਜੀ

ਹਰਿ ਕਿਰਪਾ ਕਰਿ ਕੈ ਬਖਸਿ ਲੈਹੁ, ਹਉ ਪਾਪੀ ਵਡ ਗੁਨਹਗਾਰੁ ।

ਕਹਾ ਕਹਉ ਮੈਂ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥
ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੈਹੁ ਸਰਨਾਇਓ ॥

ਇਸ ਤਰ੍ਹਾਂ ਬੇਨਤੀਆਂ ਕਰਦਿਆਂ ਅਥਵਾ ਤਰਲੇ ਕਰਦਿਆਂ ਕਰਦਿਆਂ ਅਜੀਤ ਸਿੰਘ ਨੂੰ ਨੀਂਦ ਆ ਗਈ

ਕਹਿੰਦੇ ਹਨ ਹਉਮੈ ਜਾਈ ਤਾ ਕੰਤ ਸਮਾਈ

ਵਾਹ ! ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ !

ਸਦ ਬਖਸਿੰਦੁ ਸਦਾ ਮਿਹਰਵਾਨ !

ਭਲੇ ਭਲੇ ਕਰ ਮੰਨੀਆਨ ਤਕ ਲਏ ਨੇ, ਇਹ ਤਾਂ ਬੁਰਿਆਂ ਦੇ ਕਾਜ ਸਵਾਰਦਾ ਏ
ਸਤ ਅਪਰਾਧ ਕਰਤ ਹੈ ਜੇਤੇ, ਵਾਂਙ ਜਨਨੀ ਦੇ ਚਿਤ ਨ ਧਾਰਦਾ ਏ
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਸਦਾ ਬਿਰਦੁ ਆਪਣਾ ਸੰਭਾਰਦਾ ਏ ।

ਅਰਦਾਸਿ ਸੁਣੀ ਦਾਤਾਰਿ

ਪ੍ਰਭਿ ਹੋਏ ਕਿਰਪਾਲ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸੇ ਰਾਤ ਅਜੀਤ ਸਿੰਘ ਨੂੰ ਸੁਪਨੇ ਵਿਚ ਦਰਸ਼ਨ ਦਿੱਤੇ ਅਤੇ ਅੰਮ੍ਰਿਤਸਰ ਜਾਣ ਵਾਸਤੇ ਹੁਕਮ ਕੀਤਾ। ਕਿਥੇ ਜਾਵੇ ਕਿਹੜੇ ਡਾਕਟਰ ਕੋਲ ਜਾਵੇ ਇਸ ਬਾਰੇ ਕੁਝ ਇਸ਼ਾਰਾ ਵੀ ਨ ਕੀਤਾ ਪਰ ਇਹ ਅਸ਼ੀਰਵਾਦ ਜ਼ਰੂਰ ਦਿੱਤੀ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੇਰਾ ਰੋਗ ਦੂਰ ਕਰ ਦੇਣਗੇ। ਇੰਨਾ ਬਚਨ ਹੁੰਦਿਆਂ ਸਾਰ ਹੀ ਸੁਪਨਾ ਖਤਮ ਹੋ ਗਿਆ

ਅਗਲੇ ਦਿਨ ਹੀ ਅਜੀਤ ਸਿੰਘ ਆਪਣੇ ਪੁੱਤਰ ਨੂੰ ਨਾਲ ਲੈ ਕੇ ਅੰਮ੍ਰਿਤਸਰ ਚਲਾ ਗਿਆ। ਕਿਸੇ ਨੇ ਦਸ ਪਾਈ ਕਿ ਹੱਡੀਆਂ ਜੋੜਨ ਵਿਚ ਪਹਿਲਵਾਨ ਬਿੱਲਾ ਬਹੁਤ ਸਿਆਣਾ ਹੈ। ਬਿੱਲੇ ਪਹਿਲਵਾਨ ਦਾ ਪਤਾ ਪੁੱਛ ਕੇ ਦੋਵੇਂ ਉਸ ਕੋਲ ਪਹੁੰਚ ਗਏ। ਬਿੱਲੇ ਨੇ ਚੰਗੀ ਤਰਾਂ ਵੇਖਿਆ ਅਤੇ ਮਾਲਸ਼ ਕਰਨ ਵਾਸਤੇ ਤੇਲ ਦੀ ਇਕ ਬੋਤਲ ਦਿੱਤੀ। ਪੰਦਰਾ (੧੫) ਦਿਨ ਮਾਲਸ਼ ਕਰਕੇ ਜਦੋਂ ਫਿਰ ਬਿੱਲੇ ਕੋਲ ਗਏ ਤਾਂ ਉਸਨੇ ਬੜੀ ਸਿਆਣਪ ਨਾਲ ਲੱਕ ਦੀ ਹੱਡੀ ਟਿਕਾਣੇ ਸਿਰ ਕਰਕੇ ਪੱਟੀ ਬੰਨ੍ਹ ਦਿੱਤੀ। ਤਕਰੀਬਨ ਇਕ ਮਹੀਨੇ ਪਿਛੋਂ

ਜਦੋਂ ਪੱਟੀ ਖੋਲੀ ਗਈ ਤਾਂ ਹੱਡੀ ਬਿਲਕੁਲ
ਠੀਕ ਜੁੜ ਚੁਕੀ ਸੀ
ਹੁਣ ਅਜੀਤ ਸਿੰਘ ਬਿਲਕੁਲ ਰਾਜੀ ਹੋ ਗਿਆ ਸੀ

ਦਵਾਈਆਂ ਨਾਲ ਨ ਰਾਜੀ ਹੋਇਆ ਜੋਰ ਲਗ ਚੁਕਾ ਪਰਵਾਰ ਦਾ
ਹੋਇ ਨਿਮਾਨਾ ਢਹਿ ਪਇਆ ਖੈਰ ਮਿਲਿਆ ਸਤਿ ਕਰਤਾਰ ਦਾ
ਰੋਗ ਸੋਗ ਸਭਿ ਮਿਟਿ ਗਏ ਸ੍ਰੀਰ ਲਿਸਕਾਂ ਸੀ ਹੈ ਮਾਰਦਾ

ਸ੍ਰੀਰ ਤਾਂ ਰਾਜੀ ਹੋ ਗਿਆ ਸੀ ਅਤੇ ਇਹ ਵੀ ਨਿਸਚਾ ਹੋ ਗਿਆ ਸੀ ਕਿ ਸਤਿਗੁਰੂ ਜੀ ਦੀ ਮਿਹਰ ਨਾਲ ਰਾਜੀ ਹੋਇਆ ਹਾਂ ਪਰ ਅਜੀਤ ਸਿੰਘ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜਰ ਹੋ ਕੇ ਬਖਸ਼ਬੰਦੀ ਮੰਗਣ ਤੋਂ ਡਰ ਸ਼ਰਮਾਉਂਦਾ ਸੀ ਅਤੇ ਝਿਜਕਦਾ ਸੀ । ਉਸ ਨੇ ਮਨ ਨੂੰ ਸਮਝਾਇਆ

## ਜਦ ਨਾਚਣ ਲਾਗੀ ਤਾਂ ਘੁੰਘਟ ਕੈਸਾ

ਮਨ ਨੂੰ ਤਕੜਾ ਕਰਕੇ ਅਤੇ ਲੋਕ ਲੱਜਿਆ ਤਿਆਗ ਕੇ ਇਕ ਦਿਨ ਅਜੀਤ ਸਿੰਘ ਭਰੇ ਦੀਵਾਨ ਵਿਚ ਦੋਵੇਂ ਹੱਥ ਜੋੜ ਕੇ ਅਤੇ ਗਲ ਵਿਚ ਪੱਲਾ ਪਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਮਣੇ ਜਾ ਹਾਜਰ ਹੋਇਆ । ਬੜੀ ਅਧੀਨਗੀ ਸਹਿਤ ਬਖਸ਼ਬੰਦੀ ਵਾਸਤੇ
ਬੇਨਤੀ ਕੀਤੀ

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥
ਹਰਿ ਜੀਉ ਲੇਖੈ ਵਾਰ ਨ ਆਵਈ, ਤੂੰ ਬਖਸਿ ਮਿਲਾਵਣਹਾਰੁ ॥

ਮੇਰ ਕਰੋ ਤ੍ਰਿਣ ਤੇ ਮਹਿ ਜਾਹਿ, ਗਰੀਬ ਨਿਵਾਜ ਨ ਦੂਸਰ ਤੋ ਸੋ ॥
ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋ ਸੋ ॥

ਇਨੀ ਬੇਨਤੀ ਕਰਦਿਆਂ ਸਾਰ, ਅਜੀਤ ਸਿੰਘ ਵੈਰਾਗੀ ਦਸ਼ਾ ਵਿਚ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਇਆ । ਸਤਿਗੁਰੂ ਜੀ ਨੇ ਥਾਪੜਾ ਦਿੱਤਾ ਅਤੇ ਧੀਰਜ ਬੰਧਾਈ । ਸ੍ਰੀ ਸਤਿਗੁਰੂ ਜੀ ਨੇ ਐਸੀ ਕਿਰਪਾ ਕੀਤੀ ਕਿ ਅਜੀਤ ਸਿੰਘ ਨੇ ਜ਼ਮੀਨ ਦਾ ਕਬਜਾ ਵੀ ਛੱਡ ਦਿੱਤਾ ਅਤੇ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈ ਕੇ ਘਰ ਨੂੰ ਪਰਤਿਆ

**ਗੁਰਿ ਪੂਰੈ ਪੂਰੀ ਕੀਨੀ ।। ਬਖਸ ਅਪੁਨੀ ਕਰਿ ਦੀਨੀ ।**

Sri Satguru Jagjit Singh Ji Elibrary NamdhariElibrary@gmail.com

**ਬਾਲਮੀਕ** ਜੀ ਪਹਿਲਾਂ ਇਕ ਡਾਕੂ ਹੁੰਦੇ ਸਨ । ਰਾਹ ਜਾਂਦਿਆਂ ਮੁਸਾਫਰਾਂ ਨੂੰ ਲੁਟ ਲੈਂਦੇ ਸਨ । ਇਕ ਦਿਨ ਉਨ੍ਹਾਂ ਕੋਲੋਂ ਕੁਝ ਸਾਧ ਲੰਘਣ ਲਗੇ ਤਾਂ ਅਪਣੇ ਸੁਭਾਉ ਅਨੁਸਾਰ ਉਨ੍ਹਾਂ ਨੂੰ ਫੜ ਲਿਆ ਅਤੇ ਉਨ੍ਹਾਂ ਦੇ ਕਪੜੇ ਲਾਹੁਣ ਨੂੰ ਤਿਆਰ ਹੋ ਗਏ । ਸਾਧਾਂ ਨੇ ਬੜਾ ਸਮਝਾਇਆ ਪਰ

**ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ਕਿਹੁ ਕਾਜੁ ਨ ਸਰੀਐ**

ਵਾਲੀ ਗਲ ਹੀ ਜਾਪਦੀ ਸੀ ਕਿਉਂ ਜੋ

**ਕਾਉ ਕਪੂਰ ਨ ਚਖਈ,**

**ਦੁਰਗੰਧ ਸੁਖਾਵੈ**

ਜਦੋਂ ਸਾਧਾਂ ਨੇ ਸਮਝਿਆ ਕਿ ਇਹ ਕਿਸੇ ਤਰਾਂ ਵੀ ਨਹੀਂ ਛਡਦਾ ਤਾਂ ਉਨ੍ਹਾਂ ਆਖਿਆ ਕਿ ਭਾਈ ਜੇ ਤੂੰ ਸਾਨੂੰ ਜਰੂਰ ਹੀ ਮਾਰਨਾ ਹੈ ਤਾਂ ਤੇਰੀ ਮਰਜੀ । ਹੁਣ ਬਾਲਮੀਕ ਜੀ ਉਨ੍ਹਾਂ ਨੂੰ ਮਾਰਨਾ ਚਾਹੁੰਦੇ ਹਨ ਪਰ ਮਾਰਨ ਦੀ ਤਾਕਤ ਹੀ ਨ ਰਹੀ

**ਮਾਰਣ ਨੋ ਲੋਚੈ ਘਣਾ ਕੱਢ ਨ ਹੰਘੈ ਹਥ ਉਘਾੜਾ**

ਬਾਲਮੀਕ ਦਾ ਚਿਤ ਕੁਝ ਨਰਮ ਹੋਇਆ ਵੇਖਕੇ ਉਨ੍ਹਾਂ ਸਾਧਾਂ ਨੇ ਪੁਛਿਆ ਕਿ ਭਾਈ ਤੂੰ ਜੋ ਅਪਣੇ ਸੰਬੰਧੀਆਂ ਵਾਸਤੇ ਇੰਨਾਂ ਪਾਪ ਕਰਦਾ ਹੈ ਕੀ ਉਹ ਸੰਬੰਧੀ ਅੰਤ ਕਾਲ ਤੇਰੀ ਸਹਾਇਤਾ ਕਰਨਗੇ ? ਯਾਦ ਰਖ

**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ**

ਭਾਈ ਧਰਮ ਰਾਜੇ ਦੀ ਕਚਹਿਰੀ ਵਿਚ **ਅਗੈ ਕਰਣੀ ਕੀਰਤਿ ਵਾਚੀਐ**

ਅਤੇ ਉਥੇ **ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ**

ਅਤੇ ਫਿਰ **ਹਾਰਿ ਗਏ ਸੇ ਠਗਣ ਵਾਲਿਆ**

ਹੁਣ ਬਾਲਮੀਕ ਜੀ ਨੂੰ ਚਿੰਤਾ ਲਗ ਗਈ । ਨ ਛਡਣ ਨੂੰ ਚਿਤ ਕਰੇ ਅਤੇ ਨ ਮਾਰਨ ਨੂੰ । ਸਾਧਾਂ ਨੂੰ ਦਰਖਤਾਂ ਨਾਲ ਬੰਨ੍ਹ ਕੇ ਘਰ ਗਏ । ਪਹਿਲਾਂ ਮਾਤਾ ਕੋਲੋਂ ਪੁਛਿਆ ਕਿ ਮਾਤਾ ਜਦੋਂ ਮੈਂ ਮਰ ਗਿਆ ਤਾਂ ਧਰਮਰਾਜ ਦੇ ਦਰਬਾਰ ਵਿਚ ਮੇਰੀ ਸਹਾਇਤਾ ਕਰੇਂਗੀ ਕਿ ਨਹੀਂ ? ਮਾਤਾ ਨੇ ਕਹਿਆ, " ਹੇ ਪੁੱਤਰ, ਮੈਂ ਤੈਨੂੰ ਪਾਲਿਆ, ਪੋਸਿਆ ਅਤੇ ਵਡਾ ਕੀਤਾ ਹੈ । ਹੁਣ ਤੇਰਾ ਫਰਜ਼ ਹੈ ਮੇਰੀ ਸੇਵਾ ਕਰਨ ਦਾ । ਤੂੰ ਜਿਸ ਤਰ੍ਹਾਂ ਮਰਜ਼ੀ ਕਮਾ ਕੇ ਸੇਵਾ ਕਰ ਪਰ ਇਹ ਯਾਦ ਰਖੀਂ ਕਿ ਅੰਤ ਕਾਲ ਮੈਂ ਤੇਰੀ ਸਹਾਇਤਾ ਨਹੀਂ ਕਰ ਸਕਦੀ

Sri Satguru Jagjit Singh Ji Elibrary NamdhariElibrary@gmail.com

ਹੇ ਪੁੱਤਰ ਉਥੇ ਤਾਂ ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ ।
ਮਾਤਾ ਦੇ ਪਿਛੋਂ ਆਪਣੀ ਪਤਨੀ ਕੋਲੋਂ ਵੀ ਏਹੋ ਪੁੱਛਿਆ । ਪਤਨੀ ਨੇ ਕਹਿਆ, ਹੇ ਸਵਾਮੀ ਜੀ, ਮੇਰੇ ਮਾਪਿਆਂ ਨੇ ਤੁਹਾਡੀ ਰਜ਼ਾਮੰਦੀ ਨਾਲ ਤੁਹਾਡੇ ਲੜ ਲਾਇਆ ਹੈ, ਤੁਹਾਡਾ ਫਰਜ਼ ਹੈ ਮੈਨੂੰ ਖੁਆਉਣ ਦਾ । ਜਿਸ ਤਰ੍ਹਾਂ ਮਰਜ਼ੀ ਕਮਾ ਕੇ ਲਿਆਉ ਮੈਂ ਤੇ ਖਾਣਾ ਹੀ ਹੈ । ਹੋਰ ਅੰਤਕਾਲ ਬਾਰੇ ਅਰਜ਼ ਹੈ ਕਿ ਉੱਥੇ ਮੈਂ ਇਕੱਲੀ ਹੀ ਨਹੀਂ ਸਗੋਂ ਕੋਈ ਵੀ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ । ਉੱਥੇ ਤਾਂ

## ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ
## ਦਰਗਹ ਆਏ ਕੰਮਿ ।

ਅੱਗੋਂ ਕੋਰਾ ਜਵਾਬ ਮਿਲਣ ਤੇ ਸਮਝ ਆ ਗਈ

## ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ,

ਭਾਈ ਗੁਰਦਾਸ ਜੀ ਲਿਖਦੇ ਹਨ
ਘਰ ਵਿਚ ਪੁੱਛਣ ਘੱਲਿਆ, ਅੰਤ ਕਾਲ ਹੈ ਕੋਇ ਅਸਾੜਾ ॥
ਕੋੜਮੜਾ ਚਉਖੰਨੀਐ, ਕੋਇ ਨ ਬੇਲੀ ਕਰਦੇ ਝਾੜਾ ॥

**ਦੁਖ ਦਾਰੂ** ਅਨੁਸਾਰ ਹੁਣ ਬਾਲਮੀਕ ਜੀ ਦੇ ਮਨ ਨੂੰ ਧੱਕਾ ਲੱਗਾ ਅਤੇ ਆਪਣੇ ਮਨ ਨੂੰ ਸਮਝਾਇਆ ਕਿ **ਜਿਤੁ ਕੀਤਾ ਪਾਈਐ** ਆਪਣਾ ਤਾਂ ਮੈਂ ਫਿਰ **ਘਾਲ ਬੁਰੀ ਕਿਉ ਘਾਲੀਐ**

ਹੋਸ਼ ਆ ਗਈ, ਅੱਖਾਂ ਨਿਕਲ ਗਈਆਂ, ਹੰਝੂ ਭੱਜੇ ਸਾਧਾਂ ਕੋਲ ਗਏ ਉਨ੍ਹਾਂ ਨੂੰ ਦਰਖਤਾਂ ਨਾਲੋਂ ਖੋਲ੍ਹਿਆ ਅਤੇ ਰੋਂਦੇ ਕੁਰਲਾਂਦੇ ਸਾਧਾਂ ਦੇ ਚਰਨਾਂ ਦੇ ਢਹਿ ਪਏ

## ਰਾਖਿ ਲੇਹੁ ਹਮ ਤੇ ਬਿਗਰੀ

## ਸੀਲ ਧਰਮ ਜਪ ਭਗਤਿ ਨ ਕੀਨੀ, ਹਉ ਅਭਿਮਾਨ ਟੇਢ ਪਗਰੀ

॥ ਰਹਾਉ ॥
ਅਮਰ ਜਾਨਿ ਸੰਚੀ ਇਹ ਕਾਇਆ, ਇਹ ਮਿਥਿਆ ਕਾਚੀ ਗਾਗਰੀ ॥
ਜਿਨਹਿ ਨਿਵਾਜਿ ਸਾਜਿ ਹਮ ਕੀਏ, ਤਿਸਹਿ ਬਿਸਾਰਿ ਅਵਰ ਲਗਰੀ ॥

## ੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
## ਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥

ਜਦੋਂ ਬਾਲਮੀਕ ਜੀ ਚਰਨਾਂ ਤੇ ਢਹਿ ਪਏ ਅਤੇ ਅਧੀਨਗੀ ਸਹਿਤ ਅਰਜੋਈਆਂ ਕਰਨ ਲਗੇ ਤਾਂ ਉਨ੍ਹਾਂ ਸਾਧਾਂ ਨੂੰ ਦਇਆ ਆਈ। ਉਨ੍ਹਾਂ ਸਾਧਾਂ ਵਿਚੋਂ ਇਕ ਨੇ ਬਾਲਮੀਕ ਜੀ ਦੇ ਕੰਨ ਵਿਚ ਭਜਨ ( ਗੁਰਮੰਤ੍ਰ ) ਦੇ ਦਿੱਤਾ।

ਕਹਿੰਦੇ ਹਨ ਕਿ ਬਾਲਮੀਕ ਜੀ ਤੇ ਨਾਮ ਦਾ ਰੰਗ ਐਸਾ ਚੜ੍ਹਿਆ ਕਿ ਦੁਨਿਆਵੀ ਸਾਰੇ ਧੰਧੇ ਭੁਲ ਗਏ ਅਤੇ ਉੱਥੇ ਹੀ ਬਹਿ ਕੇ ਕਈ ਸਾਲ ਐਸਾ ਭਾਰੀ ਤਪ ਕੀਤਾ ਕਿ ਅਪਣੇ ਤਨ ਦੀ ਸੁਝ ਬੁਝ ਵੀ ਭੁਲ ਗਏ।

ਸਤਿਗੁਰੂ ਜੀ ਫ਼ਰਮਾਂਦੇ ਹਨ

## ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥
## ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥

ਫਿਰ ਬਾਲਮੀਕ ਜੀ ਤੇ ਐਸੀ ਕਿਰਪਾ ਹੋਈ ਕਿ ਉਨ੍ਹਾਂ ਨੇ ਸ੍ਰੀ ਰਾਮ ਚੰਦ ਜੀ ਦੇ ਅਵਤਾਰ ਧਾਰਨ ਤੋਂ ਦਸ ਹਜ਼ਾਰ ਸਾਲ ਪਹਿਲੋਂ ਹੀ ਰਾਮਾਇਣ ਲਿਖ ਛੱਡੀ।



Sri Satguru Jagjit Singh Ji Elibrary NamdhariElibrary@gmail.com

**ਲੱਖੂ** ਧਾੜਵੀ ਅਪਣੇ ਇਲਾਕੇ ਵਿਚ ਮੰਨਿਆ ਪ੍ਰਮੰਨਿਆ ਡਾਕੂ ਸੀ। ਰਾਹ ਜਾਂਦਿਆਂ ਮੁਸਾਫਰਾਂ ਨੂੰ ਲੁਟ ਲੈਂਦਾ ਸੀ। ਕਿਸੇ ਮਰਦ ਜਾਂ ਇਸਤਰੀ ਨੂੰ ਨਹੀਂ ਸੀ ਛਡਦਾ। ਕਈ ਖੂਨ ਵੀ ਕਰ ਬੈਠਾ ਸੀ। ਲੋਕੀਂ ਉਸਦਾ ਨਾਂ ਸੁਣਕੇ ਹੀ ਤ੍ਰਾਸ ਤ੍ਰਾਸ ਕਰਨ ਲੱਗ ਪੈਂਦੇ ਸਨ।

ਇਕ ਦਿਨ ਦੀ ਗਲ ਹੈ ਕਿ ਉਹ ਧਾੜਾ ਮਾਰਨ ਵਾਸਤੇ ਜਾ ਰਿਹਾ ਸੀ ਕਿ ਉਸਦੀ ਨਜ਼ਰ ਇਕ ਉਚੇ ਥਾਂ ਤੇ ਬੈਠੇ ਹੋਏ ਇਕ ਸਾਧੂ ਤੇ ਪਈ। ਇਹ ਸਾਧੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਭਜਨੀਕ ਸਿਖ ਭਾਈ ਜੇਠਾ ਜੀ ਸਨ। ਭਾਈ ਜੇਠਾ ਜੀ ਤੇ ਸਤਿਗੁਰੂ ਜੀ ਦੀ ਬੜੀ ਮਿਹਰ ਸੀ। ਉਹ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰ ਭਜਨ ਕਰ ਰਹੇ ਸਨ। ਅਪਣੇ ਧਿਆਨ ਵਿਚ ਨੇਤ੍ਰ ਮੁੰਦੇ ਹੋਏ ਸਨ। ਜਦੋਂ ਲੱਖੂ ਕੋਲੋਂ ਦੀ ਲੰਘਿਆ ਤਾਂ ਮਥਾ ਟੇਕ ਕੇ ਅਪਣੇ ਮਨ ਵਿਚ ਕਿਹਾ ਕਿ ਜੇ ਅਜ ਕੋਈ ਚੰਗਾ ਗੱਫਾ ਮਿਲਿਆ ਤਾਂ ਤੀਜਾ ਹਿੱਸਾ ਇਨ੍ਹਾਂ ਸੰਤਾਂ ਦੀ ਭੇਟ ਕਰਾਂਗਾ। ਸੰਤ ਜੀ ਦੀ ਲਿਵ ਗੁਰੂ ਚਰਨਾਂ ਨਾਲ ਜੁੜੀ ਹੋਈ ਸੀ। ਉਨ੍ਹਾਂ ਨ ਨੇਤ੍ਰ ਖੋਲੇ ਅਤੇ ਨ ਹੀ ਲੱਖੂ ਵਲ ਵੇਖਿਆ

**ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ**
**ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ**
**ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠ**
**ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ**

ਸੰਤ ਜੀ ਤਾਂ ਚਰਨ ਕਮਲ ਦੀ ਮੌਜ ਮਾਨ ਰਹੇ ਸਨ। ਉਨ੍ਹਾਂ ਨੂੰ ਤਾਂ ਕਿਸੇ ਦੇ ਆਉਣ ਜਾਣ ਦਾ ਕੋਈ ਪਤਾ ਹੀ ਨਹੀਂ ਸੀ। ਲੱਖੂ ਆਪੇ ਹੀ ਸੁਖਣਾ ਸੁਖ ਕੇ ਚਲਾ ਗਿਆ।

ਲੱਖੂ ਹਲੀ ਥੋੜੀ ਹੀ ਦੂਰ ਗਿਆ ਸੀ ਕਿ ਸਬਬ ਨਾਲ ਉਸਨੂੰ ਇਸਤ੍ਰੀਆਂ ਦਾ ਇਕ ਝੁੰਡ ਮਿਲ ਪਿਆ। ਇਹ ਇਸਤ੍ਰੀਆਂ ਗਹਿਣੇ ਅਤੇ ਨਵੇਂ ਸੋਹਣੇ ਸੋਹਣੇ ਕਪੜੇ ਪਾ ਕੇ ਨੇੜੇ ਦੇ ਪਿੰਡ ਕਿਸੇ ਵਿਆਹ ਤੇ ਜਾ ਰਹੀਆਂ ਸਨ। ਲੱਖੂ ਨੇ ਅਪਣੀ ਛਵੀ ਵਿਖਾ ਕੇ ਗਰਜਵੀਂ ਆਵਾਜ਼ ਵਿਚ ਆਖਿਆ, "ਠਹਿਰ ਜਾਓ। ਮੈਂ ਲੱਖੂ ਹਾਂ, ਜੇ ਅਪਣਾ ਭਲਾ ਚਾਹੁੰਦੀਆਂ ਹੋ ਤਾਂ ਅਪਣੇ ਗਹਿਣੇ ਅਤੇ ਕਪੜੇ ਲਾਹ ਕੇ ਮੈਨੂੰ ਦੇ ਦਿਓ ਨਹੀਂ ਤਾਂ ਮੈਂ ਤੁਹਾਨੂੰ ਸਾਰੀਆਂ ਨੂੰ ਮਾਰ ਦਿਆਂਗਾ," ਉਹ ਇਸਤ੍ਰੀਆਂ ਲੱਖੂ ਦਾ ਨਾਂ ਹੀ ਸੁਣਕੇ ਕੰਬਣ ਲਗ ਪਈਆਂ। ਉਨ੍ਹਾਂ ਗਹਿਣੇ ਲਾਹ ਕੇ ਉਸਦੇ ਹਵਾਲੇ ਕਰ ਦਿੱਤੇ ਅਤੇ ਹੱਥ ਜੋੜ ਕੇ ਤਰਲੇ ਕੀਤੇ ਕਿ ਸਾਡੇ ਕਪੜੇ ਨ ਲਾਹ।

ਪਾਪੁ ਬੁਰਾ ਪਾਪੀ ਕਉ ਪਿਆਰਾ ॥

ਅਤੇ

ਪਾਪ ਕਰੰਤੌ ਨਹ ਸੰਗਾਏ ॥

ਇਸਤ੍ਰੀਆਂ ਦੇ ਤਰਲਿਆਂ ਦਾ ਲੱਖੂ ਤੇ ਕੋਈ ਅਸਰ ਨ ਹੋਇਆ। ਵਿਚਾਰੀਆਂ ਨੇ ਝਾੜੀਆਂ ਉਹਲੇ ਹੋ ਕੇ ਕੁਝ ਕਪੜੇ ਲਾਹ ਕੇ ਲੱਖੂ ਵਲ ਸੁਟ ਦਿੱਤੇ ਅਤੇ ਪਰਮਾਤਮਾ ਅਗੇ ਸਹਾਇਤਾ ਕਰਨ ਵਾਸਤੇ ਬੇਨਤੀਆਂ ਕਰਨ ਲਗੀਆਂ ਜਿਵੇਂ ਕਿ ਦ੍ਰੋਪਦੀ ਨੇ ਭਗਵਾਨ ਸ੍ਰੀਕ੍ਰਿਸ਼ਨ ਚੰਦ੍ਰ ਜੀ ਅਗੇ ਬੇਨਤੀ ਕੀਤੀ ਸੀ

ਅੰਦਰ ਸਭਾ ਦੁਸਾਸਨੈ ਮੱਥੇ ਵਾਲ ਦ੍ਰੋਪਤੀ ਆਂਦੀ
ਦੂਤਾਂ ਨੋਂ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ
ਪੰਜੇ ਪਾਂਡੋ ਵੇਖਦੇ ਅਉਘਟ ਰੁੱਧੀ ਨਾਰਿ ਜਿਨ੍ਹਾਂ ਦੀ
ਅੱਖੀਂ ਮੀਟ ਧਿਆਨ ਧਰ ਹਾ ਹਾ ਕ੍ਰਿਸ਼ਨ ਕਰੇ ਵਿਲਲਾਂਦੀ

ਦੂਜੇ ਪਾਸੇ ਸਾਰੇ ਮਾਲ ਦੀ ਪੰਡ ਬੰਨ੍ਹ ਕੇ ਲੱਖੂ ਵਾਪਸ ਆਉਂਦਿਆਂ ਜਦੋਂ ਸੰਤਾਂ ਕੋਲੋਂ ਲੰਘਣ ਲਗਾ ਤਾਂ ਸੁਖੀ ਹੋਈ ਸੁਖਣਾ ਯਾਦ ਆ ਗਈ। ਪੰਡ ਨੂੰ ਸਿਰ ਤੋਂ ਉਤਾਰ ਕੇ ਥਲੇ ਰਖਿਆ ਅਤੇ ਸੰਤਾਂ ਦੇ ਹਿਸੇ ਦੇ ਗਹਿਣੇ ਕਪੜੇ ਸਮਾਧੀ ਇਸਥਿਤ ਸੰਤ ਜੀ ਅੱਗੇ ਰਖ ਦਿੱਤੇ। ਪਰਮਾਤਮਾ ਦੀ ਪ੍ਰੇਰਨਾ ਨਾਲ ਸੰਤ ਜੀ ਦੀ ਸਮਾਧੀ ਖੁਲ ਗਈ। ਕਪੜੇ ਅਤੇ ਗਹਿਣੇ ਵੇਖ ਕੇ ਬਿਨਾ ਕੁਝ ਪੁਛੇ ਗਿਛੇ ਹੀ ਉਹ ਕੜਕ ਕੇ ਬੋਲੇ, "ਅਰੇ ਪਾਪੀ ਚੰਡਾਲ, ਆਪ ਤਾਂ ਡੁੱਬਾ ਹੈਂ ਅਤੇ ਮੈਨੂੰ ਵੀ ਡੋਬਣਾ ਚਾਹੁੰਦਾ ਹੈਂ। ਜਿਨ੍ਹਾਂ ਇਸਤ੍ਰੀਆਂ ਦੇ ਇਹ ਕਪੜੇ ਗਹਿਣੇ ਲਿਆਇਆ ਹੈਂ, ਉਹ ਵੇਚਾਰੀਆਂ, ਸ਼ਰਮ ਦੀਆ ਮਾਰੀਆਂ, ਕੁਰਲਾ ਰਹੀਆਂ ਹਨ, ਜੇ ਆਪਣਾ ਭਲਾ ਚਾਹੁੰਦਾ ਹੈਂ ਤਾਂ ਜਲਦੀ ਹੀ ਇਹ ਕਪੜੇ ਗਹਿਣੇ ਵਾਪਸ ਕਰਕੇ ਆ। ਅਰੇ ਪਾਪੀ, ਜਿੰਦਗੀ ਦੇ ਥੋੜੇ ਦਿਨਾਂ ਲਈ ਇੰਨਾ ਪਾਪ ਕਿਉਂ ਕਰਦਾ ਹੈ? ਯਾਦ ਰਖ

ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥
ਤੇਰੈ ਕਾਜਿ ਨ, ਅਵਰਾ ਜੋਗ ॥
ਕਰਿ ਅਹੰਕਾਰੁ ਹੋਇ ਵਰਤਹਿ ਅੰਧ॥ ਜਮ ਕੀ ਜੇਵੜੀ ਤੂ ਆਗੈ ਬੰਧ ॥

Sri Satguru Jagjit Singh Ji Elibrary NamdhariElibrary@gmail.com

ਪਾਪ ਕਰੇਦੜ ਸਰ ਪਰ ਮੂਠੇ ॥

ਅਜਰਾਈਲਿ ਫੜੇ ਫੜਿ ਕੂਠੇ ॥

ਦੋਜਕਿ ਪਾਏ ਸਰਜਣਹਾਰੈ ਲੇਖਾ ਮੰਗੈ ਬਾਣੀਆ ॥

ਅਰੇ ਮੂਰਖ ਤੂੰ ਅਪਣੀ ਜਵਾਨੀ ਤੇ ਘੁਮੰਡ ਕਰਦਾ ਹੈਂ ਅਤੇ ਪਾਪ ਕਰਨ ਤੋਂ ਬਿਲਕੁਲ ਡਰਦਾ ਨਹੀ । ਯਾਦ ਰਖ ਅਪਣਾ ਬੀਜਿਆ ਹੋਇਆ ਆਪ ਨੂੰ ਹੀ ਵੱਢਣਾ ਪੈਣਾ ਹੈ

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣ

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ

ਕਰਿ ਅਉਗਣ ਪਛੋਤਾਵਣਾ

ਸੰਤ ਜੀ ਦੀਆਂ ਗਲਾਂ ਸੁਣਕੇ ਲੱਖੂ ਨੂੰ ਸਮਝ ਆ ਗਈ ਕਿ ਇਹ ਤਾਂ ਅੰਤ੍ਰਯਾਮੀ ਹਨ। ਬਿਨਾ ਦਸੇ ਹੀ ਸਾਰਾ ਭੇਦ ਜਾਣ ਗਏ ਹਨ । ਇਹ ਜ਼ਰੂਰ ਮੇਰੇ ਪਿਛਲੇ ਕੀਤੇ ਹੋਏ ਕੁਕਰਮ ਭੀ ਜਾਣਦੇ ਹੋਣਗੇ ਤਾਂਹੀ ਤਾਂ ਮੈਨੂੰ ਚਿਤਾਵਣੀ ਦਿੰਦੇ ਹਨ ਕਿ ਪਾਪਾਂ ਦਾ ਫਲ ਭੁਗਤਣਾ ਪਵੇਗਾ । ਸੰਤਾਂ ਦੇ ਡਰਾਵਣੇ ਅਤੇ ਸੱਚੇ ਬਚਨ ਸੁਣਕੇ ਆਤਮਾ ਨੂੰ ਸੋਝੀ ਹੋਈ । ਪਿਛਲੇ ਸਾਰੇ ਕੀਤੇ ਹੋਏ ਪਾਪ ਫਿਲਮ ਵਾਂਙੂ ਸਾਮ੍ਹਣੇ ਆ ਗਏ । ਕੰਬਣ ਲੱਗਾ, ਚੀਕਾਂ ਨਿਕਲ ਗਈਆਂ ਅਤੇ ਧੜੰਮ ਕਰਕੇ ਸੰਤ ਜੀ ਦੇ ਚਰਨਾਂ ਤੇ ਢਹਿ ਪਇਆ ਅਤੇ ਰੋ ਰੋ ਕੇ ਆਖਣ ਲੱਗਾ,

ਮੈਨੂੰ ਬਖਸ਼ੋ, ਮੈਨੂੰ ਪਾਪੀ ਨੂੰ ਬਖਸ਼ੋ ।

ਕੀਨੇ ਪਾਪ ਕੇ ਬਹੁ ਕੋਟ ॥

ਦਿਨਸੁ ਰੈਨੀ ਥਕਤ ਨਾਹੀ, ਕਤਹਿ ਨਾਹੀ ਛੋਟ ॥

ਹੇ ਮਹਾਰਾਜ, ਮੈਂ ਤਾਂ

ਜਨਮੁ ਪਾਇ ਕਛੂ ਭਲੋ ਨ ਕੀਨੋ

ਹੇ ਮਹਾਰਾਜ

ਮੈਂ ਕੁਚਿਲ ਕਠੋਰ ਕਪਟ ਕਾਮੀ ਨੂੰ
ਜਿਉ ਜਾਨਹਿ ਤਿਉ ਤਾਰਿ ਸੁਆਮੀ ॥

ਸੰਤ ਜੀ ਨੇ ਉਸਨੂੰ ਉਠਾਇਆ ਅਤੇ ਕਹਿਆ, " ਜਲਦੀ ਕਰ, ਇਹ ਕਪੜੇ ਅਤੇ ਗਹਿਣੇ ਦੇ ਰਹੀਆਂ ਇਸਤ੍ਰੀਆਂ ਨੂੰ ਵਾਪਸ ਕਰਕੇ ਆ ।"

ਲੱਖੂ ਨੇ ਸਾਰਿਆਂ ਗਹਿਣਿਆਂ ਅਤੇ ਕਪੜਿਆਂ ਦੀ ਪੰਡ ਬੰਨ੍ਹ ਲਈ ਅਤੇ ਚੁਕ ਕੇ ਇਸਤ੍ਰੀਆਂ ਵਲ ਨੰਗੀ ਪੈਰੀਂ ਭੱਜ ਉਠਿਆ । ਜਦੋਂ ਉਨ੍ਹਾਂ ਦੇ ਨੇੜੇ ਪਹੁੰਚਿਆ ਤਾਂ ਉਸਨੂੰ ਇਸਤ੍ਰੀਆਂ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ । ਬੜਾ ਪਛਤਾਇਆ, ਅਪਣੇ ਮਨ ਨੂੰ ਲਾਨ੍ਹਤ ਪਾਈ, ਹੌਸਲਾ ਕਰ ਕੇ ਉਨ੍ਹਾਂ ਨੂੰ ਆਵਾਜ਼ ਦੇ ਕੇ ਆਖਿਆ, " ਹੇ ਮਾਤਾਓ ਤੇ ਭੈਣੋ, ਮੈਂ ਲੱਖੂ ਮੁੜ ਆ ਗਿਆ ਹਾਂ, ਅਪਣਾ ਰੋਣਾ ਬੰਦ ਕਰੋ ਮੈਂ ਤੁਹਾਡੇ ਕਪੜੇ ਤੁਹਾਡੇ ਵਲ ਸੁੱਟਦਾ ਹਾਂ ਤੁਸੀਂ ਅਪਣੇ ਅਪਣੇ ਕਪੜੇ ਪਾ ਲਵੋ ਅਤੇ ਫਿਰ ਅੱਪਣੇ ਅਪਣੇ ਗਹਿਣੇ ਵੀ ਸੰਭਾਲ ਲੈਣੇ । ਹੇ ਬੀਬੀਓ ! ਮੈਂ ਬਹੁਤ ਵਡਾ ਪਾਪ ਕੀਤਾ ਹੈ, ਮੈਨੂੰ ਖਿਮਾ ਕਰਨਾ ।" ਇੰਨਾ ਕਹਿ ਕੇ ਸਾਰੇ ਕਪੜੇ ਇਸਤ੍ਰੀਆਂ ਵਲ ਸੁੱਟ ਦਿੱਤੇ ਅਤੇ ਗਹਿਣੇ ਉਥੇ ਰਖ ਕੇ ਬੜੀ ਜਲਦੀ ਵਾਪਸ ਚਲਾ ਗਿਆ । ਇਸਤ੍ਰੀਆਂ ਨੇ ਅਪਣੇ ਅਪਣੇ ਕਪੜੇ ਪਾ ਲਏ ਅਤੇ ਅਪਣੇ ਅਪਣੇ ਗਹਿਣੇ ਸੰਭਾਲ ਲਏ । ਬੜੀਆਂ ਖੁਸ਼ ਹੋਈਆਂ ਅਤੇ ਜਿਥੇ ਸਰਬ ਵਿਆਪੀ ਭਗਵਾਨ ਦਾ ਸ਼ੁਕਰ ਕੀਤਾ ਉਥੇ ਲੱਖੂ ਨੂੰ ਭੀ ਅਸੀਸਾਂ ਦਿੱਤੀਆਂ । ਉਹ ਹੈਰਾਨ ਸਨ ਕਿ ਲੱਖੂ ਅੰਦਰ ਦਯਾ ਕਿਵੇਂ ਆ ਗਈ ? ਇਹ ਦਯਾ ਇਕ ਸਾਧੂ ਦੇ ਦਰਸ਼ਨ ਕਰਨ ਕਰਕੇ ਅਤੇ ਸਾਧੂ ਦੀ ਸਿਖਿਆ ਮੰਨਣ ਕਰਕੇ ਉਪਜੀ ਸੀ

ਸਾਧ ਕੈ ਸੰਗਿ ਪਾਪ ਪਲਾਇਨ

ਲੱਖੂ ਸਭ ਕੁਝ ਵਾਪਸ ਕਰ ਕੇ ਜਦੋਂ ਮੁੜ ਸੰਤਾਂ ਕੋਲ ਆਇਆ ਤਾਂ ਆਉਂਦਿਆਂ ਸਾਰ ਹੀ ਸੰਤਾਂ ਦੇ ਚਰਨਾਂ ਤੇ ਸਿਰ ਰਖ ਦਿੱਤਾ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ

ਮੈਨੂੰ ਪਾਪੀ ਨੂੰ ਬਖਸ਼ੋ
ਮੈਨੂੰ ਬਖਸ਼ੋ
ਬਖਸ਼ੋ, ਬਖਸ਼ੋ

ਹੁਣ ਸੰਤ ਜੀ ਨੂੰ ਭਰੋਸਾ ਹੋ ਗਿਆ ਕਿ ਲੱਖੂ ਆਪਣੇ ਕੀਤੇ ਹੋਇ ਕੁਕਰਮਾਂ ਨੂੰ ਯਾਦ ਕਰਕੇ ਪਛਤਾ ਰਿਹਾ ਹੈ। ਉਨ੍ਹਾਂ ਲੱਖੂ ਨੂੰ ਹੌਸਲਾ ਦਿੱਤਾ ਅਤੇ ਕਹਿਆ, " ਭਾਈ, ਬਖਸ਼ਸ਼ ਸ੍ਰੀ ਸਤਿਗੁਰ ਹਰਿ ਗੋਬਿੰਦ ਜੀ ਦੇ ਹੱਥ ਹੈ। ਉਹ ਸ੍ਰੀ ਸਤਿਗੁਰੂ ਨਾਨਕ ਦੇਵ ਦੀ ਗੱਦੀ ਦੇ ਮਾਲਕ ਹਨ। ਉਹ ਸਭ ਰਹਿਮਤਾਂ ਦੇ ਮਾਲਕ ਹਨ।

**ਸਤਿਗੁਰੁ ਪੂਰਾ ਸਾਹੁ ਹੈ, ਤ੍ਰਿਭਵਣੁ ਜਗੁ ਤਿਸ ਦਾ** ਵਣਜਾਰ
**ਰਤਨ ਪਦਾਰਥ ਬੇਸੁਮਾਰ, ਭਾਉ ਭਗਤਿ ਲਖ** ਭਰੇ ਭੰਡਾਰ

ਹੇ ਲੱਖੂ, ਤੂੰ ਉਠ, ਮੇਰੇ ਨਾਲ ਚਲ, ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚਲੀਏ, ਕਿਉਂ ਜੋ

**ਦਰਸਨਿ ਪਰਸਿਐ ਗੁਰੂ ਕੇ ਜਨਮ ਮਰਣ ਦੁਖੁ ਜਾਇ।**

ਲੱਖੂ ਨੂੰ ਕੁਛ ਧਰਵਾਸ ਹੋਈ ਅਤੇ ਉਠ ਕੇ ਭਾਈ ਜੇਠਾ ਜੀ ਨਾਲ ਤੁਰ ਪਿਆ। ਤੁਰਦੇ ਤੁਰਦੇ ਦੋਵੇਂ ਸ੍ਰੀ ਅਕਾਲ ਤਖਤ ਪਹੁੰਚ ਗਏ। ਉਥੇ ਦੀਵਾਨ ਸਜਿਆ ਹੋਇਆ ਸੀ। ਸੱਚੇ ਪਾਤਸ਼ਾਹ ਜੀ ਸਿੰਘਾਸਨ ਤੇ ਸੁਭਾਇਮਾਨ ਸਨ। ਸਤਿਗੁਰ ਜੀ ਦਾ ਦੂਰੋਂ ਹੀ ਦਰਸ਼ਨ ਕਰਦਿਆਂ ਸਾਰ ਲੱਖੂ ਦੇ ਕਲੇਜੇ ਵਿਚ ਠੰਢ ਵਰਤ ਗਈ, ਛਾਤੀ ਸੀਤਲ ਅਤੇ ਮਨ ਸੁਖੀ ਹੋ ਗਿਆ ਪਰ ਪਿਛਲੇ ਕੀਤੇ ਹੋਏ ਕੁਕਰਮਾਂ ਕਰਕੇ ਕੁਝ ਡਰਦਾ ਜ਼ਰੂਰ ਸੀ। ਜਦੋਂ ਦੁਹਾਂ ਨੇ ਜਾ ਕੇ ਚਰਨਾਂ ਤੇ ਨਮਸਕਾਰ ਕੀਤੀ ਤਾਂ ਲੱਖੂ ਨੇ ਬੇਨਤੀ ਕੀਤੀ, " **ਦਾਤਾ ਬਖਸ਼**

**ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ** "
**ਹਰਿ ਕਿਰਪਾ ਕਰਿਕੈ ਬਖਸਿ ਲੈਹੁ, ਹਉ ਪਾਪੀ ਵਡ ਗੁਨਹਗਾਰੁ**

ਸ੍ਰੀ ਸਤਿਗੁਰੂ ਜੀ ਨੇ **ਅਵਗੁਣੁ ਕੀਤੇ ਹਰਿ ਨ ਚਿਤਾਰੇ**

ਅਥਵਾ **ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦੁ ਸੁਆਮੀ ਸੰਦਾ।**

ਅਨੁਸਾਰ ਬਖਸ਼ਸ਼ ਕੀਤੀ

ਪਿਛਲੇ ਗੁਨਹ ਸਤਿਗੁਰ ਬਖਸਿ ਲਏ
ਸਤਸੰਗਤਿ ਨਾਲਿ ਰਲਾਵੈ ॥

ਸਦਾ ਬਖਸ਼ਿੰਦ ਸਤਿਗੁਰੂ ਜੀ ਨੇ ਬਖਸ਼ਸ਼ ਕਰਦਿਆਂ ਫੁਰਮਾਇਆ "

# ਭਾਈ ਲਖਿਆ ਤੇਰੇ ਲੱਖਾਂ ਦੇ ਵਿਉਪਾਰ "

ਸ੍ਰੀ ਸਤਿਗੁਰੂ ਜੀ ਨੇ ਲੱਖ ਨੂੰ ਜਿਥੇ ਭਜਨ ਦੀ ਦਾਤ ਬਖਸ਼ੀ ਉਥੇ ਨਾਲ ਹੀ ਇਹ ਬਖਸ਼ਸ਼ ਕੀਤੀ ਕਿ ਭਾਈ ਲੱਖਿਆ ਤੇਰੇ ਲੱਖਾ ਦੇ ਵਿਉਪਾਰ।

# ਸਤਿਗੁਰੁ ਹੋਇ ਦਇਆਲੁ ਤ ਨਵਨਿਧਿ ਪਾਈਐ

ਸਤਿਗੁਰੂ ਜੀ ਦੇ ਬਚਨ ਅਨੁਸਾਰ ਲੱਖੂ ਤੇ ਐਸੀ ਕਿਰਪਾ ਹੋਈ ਕਿ ਧਾੜਵੀ ਲੱਖੂ ਇਕ ਵਿਉਪਾਰੀ ਲੱਖੂ ਬਣ ਗਿਆਂ। ਵਿਉਪਾਰ ਕਰਦਿਆਂ ਹੌਲੀ ਹੌਲੀ ਲੱਖਾਂ ਪਤੀ ਬਣ ਗਿਆ। ਵਿਉਪਾਰ ਕਰਨ ਦੇ ਨਾਲ ਨਾਲ ਭਜਨ ਵੀ ਕਰਦਾ ਰਹਿੰਦਾ ਅਤੇ ਸਤਿਗੁਰੂ ਜੀ ਦੀ ਬਖਸ਼ਸ਼ ਨੂੰ ਵੀ ਯਾਦ ਰਖਦਾ ਰਹਿੰਦਾ



Sri Satguru Jagjit Singh Ji Elibrary NamdhariElibrary@gmail.com

ਸਾਧ ਸੰਗਤ ਜੀ । ਦੂਸਰਿਆਂ ਦੀਆਂ ਸਾਖੀਆਂ ਲਿਖ ਲੈਂਦੇ ਹਾਂ
ਪੜ੍ਹ ਲੈਂਦੇ ਹਾਂ ਅਤੇ ਸੁਣ ਲੈਂਦੇ ਹਾਂ ਪਰ ਜੇ ਸੱਚੇ ਦਿਲੋਂ ਵੀਚਾਰ ਕਰੀਏ
ਅਤੇ ਅਪਣੀ ਜ਼ਿੰਦਗੀ ਦੀ ਡਾਇਰੀ (DIARY) ਫੋਲੀਏ ਤਾਂ ਪਤਾ ਲੱਗਦਾ
ਹੈ ਕਿ ਅਸੀ ਸਾਰੇ ਹੀ ਭੁਲਣਹਾਰ ਹਾਂ । ਹਾਂ ਜੇ ਕੋਈ ਬਚਿਆ ਹੋਇਆ ਹੈ
ਤਾਂ ਇਕ "**ਅਭੁਲ ਗੁਰੂ ਕਰਤਾਰ**" ਹੀ ਹੈ

ਤੁਸੀਂ ਅਪਣੇ ਅਪਣੇ ਥਾਂ ਆਪ ਵਿਚਾਰ ਲਉ ਪਰ ਮੈਂ ਤਾਂ
ਵਿਚਾਰ ਕੇ ਇਹੀ ਸਿੱਟਾ ਕਢਿਆ ਹੈ -

## ਕਹਉ ਕਹਾ ਅਪਨੀ ਅਧਮਾਈ

**ਉਰਝਿਓ ਕਨਕ ਕਾਮਨੀ ਕੇ ਰਸ, ਨਹ ਕੀਰਤਿ ਪ੍ਰਭ ਗਾਈ ॥**
**॥੧॥ ਰਹਾਉ ॥**
**ਜਗ ਝੂਠੈ ਕਉ ਸਾਚੁ ਜਾਨਿ ਕੈ, ਤਾ ਸਿਉ ਰੁਚ ਉਪਜਾਈ ॥**
**ਦੀਨ ਬੰਧ ਸਿਮਰਿਓ ਨਹੀ ਕਬਹੂ, ਹੋਤ ਜੁ ਸੰਗਿ ਸਹਾਈ ॥**
**ਮਗਨ ਰਹਿਓ ਮਾਇਆ ਮੈ ਨਿਸ ਦਿਨਿ, ਛੁਟੀ ਨ ਮਨ ਕੀ ਕਾਈ ॥**

ਕਦੀ ਕਦੀ ਮਨ ਵਿਚਿ ਇਹ ਵੀ ਖਿਆਲ ਆ ਜਾਂਦਾ ਹੈ ਕਿ ਭਾਈ ਗੁਰਦਾਸ ਜੀ
ਨੇ ਸ਼ਾਇਦ ਮੇਰੇ ਵਾਸਤੇ ਹੀ ਨ ਲਿਖਿਆ ਹੋਵੇ ।

ਹਉ ਅਪਰਾਧੀ, ਗੁਨਹਗਾਰੁ ਹਉ ਬੇਮੁਖ ਮੰਦਾ ।
ਚੋਰੁ ਯਾਰੁ, ਜੂਆਰਿ ਹਉ ਪਰ ਘਰਿ ਜੋਹੰਦਾ ।
ਨਿੰਦਕੁ, ਦੁਸਟੁ, ਹਰਾਮਖੋਰੁ ਠਗੁ ਦੇਸ ਠਗੰਦਾ ।
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ ।
ਬਿਸਾਸਘਾਤੀ, ਅਕਿਰਤਘਨ, ਮੈਕੋ ਨ ਰਖੰਦਾ ।

ਅਪਣੇ ਪਾਪ, ਗਲਤੀਆਂ ਅਥਵਾ ਅਵਗੁਣ ਚਿਤਾਰ ਕੇ ਮਨ
ਜਦੋਂ ਉਦਾਸ ਹੋ ਜਾਂਦਾ ਹੈ ਤਾਂ ਇਸੇ ਪਉੜੀ ਦੀ ਆਖਰੀ ਤੁਕ

Sri Satguru Jagjit Singh Ji Elibrary NamdhariElibrary@gmail.com

NO. 37
DATE

ਪੜ੍ਹ ਕੇ ਮਨ ਨੂੰ ਕੁਝ ਧੀਰਜ ਹੁੰਦੀ ਹੈ ।

ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ ।

ਇਹ ਠੀਕ ਹੈ ਕਿ ਮੇਰੇ ਪਾਪ ਬੇਸ਼ੁਮਾਰ ਹਨ ਪਰ ਇਹ ਵੀ ਇਕ ਅਟੱਲ ਸਚਾਈ ਹੈ ਕਿ ਉਸਦੀ ਬਖਸ਼ਸ਼ ਦਾ ਵੀ ਕੋਈ ਅੰਤ ਨਹੀਂ । ਭਗਤ ਕਬੀਰ ਜੀ ਇਹ ਕਹਿ ਕੇ ਮੇਰੀ ਗਵਾਹੀ ਦਿੰਦੇ ਹਨ

ਤੁਮ ਸਮਸਰਿ ਨਾਹੀ ਦਇਆਲੁ
ਮੋਹਿ ਸਮਸਰਿ ਪਾਪੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਲਿਖਦੇ ਹਨ ।

ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ, ਗਰੀਬ ਨਿਵਾਜਨ ਦੂਸਰ ਤੋ ਸੋ
ਭੂਲ ਛਿਮੋ ਹਮਰੀ ਪ੍ਰਭ ਆਪਨ, ਭੂਲਨਹਾਰ ਕਹੂੰ ਕੋਊ ਮੋ ਸੋ

ਇਸੇ ਭਰੋਸੇ ਹੁਣ ਮੈਂ ਅਬ ਹਮ ਚਲੀ ਠਾਕੁਰ ਪਹਿ ਹਾਰਿ

ਹੇ ਸਤਿਗੁਰੂ ਜੀ

ਸਗਲ ਦੁਆਰ ਕਉ ਛਾਡਿ ਕੈ
ਗਹਿਓ ਤੁਹਾਰੋ ਦੁਆਰ ।

ਤਉ ਮੈਂ ਆਇਆ, ਸਰਨੀ ਆਇਆ ।
ਭਰੋਸੈ ਆਇਆ, ਕਿਰਪਾ ਆਇਆ ।

NO. 38
DATE

ਹੇ ਗ੍ਰੀਬ ਨਿਵਾਜ ਗੁਰੂ ਜੀ ਤੁਹਾਡਾ ਨਿਯਮ ਹੈ

**ਜੋ ਆਵਤ ਸਰਣਿ ਠਾਕੁਰ ਪ੍ਰਭ ਤੁਮਰੀ**
**ਤਿਸੁ ਰਾਖਹੁ ਕਿਰਪਾ ਧਾਰਿ ।**

ਹੇ ਗੁਰੂ ਸਾਹਿਬ ਜੀ ਮੈਂ ਕਿਹੜੇ ਕਿਹੜੇ ਪਾਪ, ਕਿਹੜੇ ਕਿਹੜੇ ਅਉਗੁਣ ਅਥਵਾ ਕਿਹੜੀ ਕਿਹੜੀ ਗਲਤੀ ਦਾ ਖਿਮਾ ਮੰਗਾਂ

**ਕਹਿ ਨਾਨਕ ਸਭ ਅਉਗਨ ਮੋ ਮਹਿ**
**ਰਾਖਿ ਲੇਹੁ ਸਰਨਾਇਓ**

ਹੇ ਸਤਿਗੁਰੂ ਜੀ

**ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥**
**ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥**

ਹੇ ਦਾਤਾ ਜੀ

ਦਰ ਤੇਰੇ ਤੇ ਜਿਹੜਾ ਆਇਆ, ਖਾਲੀ ਕੋਇ ਨ ਮੁੜਿਆ ॥
ਨਦੀਆਂ ਨਾਲੇ ਸੁਕ ਸਕ ਜਾਂਦੇ, ਪਰ, ਸਾਗਰ ਕਦੇ ਨ ਥੁੜਿਆ ॥
ਮੈਂ ਵੀ ਝੋਲੀ ਅਡ ਖਲੋਤਾ, ਦਾਤਾ, ਖੈਰ ਬਖਸ਼ਸ਼ ਦਾ ਪਾਓ ॥
ਪਿਛਲੇ ਅਉਗੁਣ ਬਖਸ਼ ਲੌ ਗੁਰੂ ਜੀ ਆਗੈ ਮਾਰਗਿ ਪਾਉ ॥

ਬਖਸ਼ਸ਼ ਦਾ ਮੰਗਤਾ
ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com